ੴ

ਮਾਸਕ ਪੱਤਰ


# ਸੂਰਾ

ਅੰਮ੍ਰਿਤਸਰ

## ਗੁਰਦਵਾਰਾ ਬੰਗਲਾ ਸਾਹਿਬ, ਦਿੱਲੀ

DEC 1978

ਦਸੰਬਰ ੧੯੭੮



5 ਨਵੰਬਰ 1978 ਨੂੰ ਪੁਲਸ ਨੇ ਗੁਰਦਵਾਰਾ ਸਾਹਿਬ ਦੀ ਨਾਕਾਬੰਦੀ ਕਰ ਕੇ ਟੀਅਰ ਗੈਸ ਤੇ ਗੋਲੀ ਚਲਾਈ। ਤਿੰਨ ਸਿੰਘ ਸ਼ਹੀਦ ਤੇ ਦਰਜਨਾਂ ਫਟੜ ਹੋ ਗਏ।

www.AKJ.Org

ਡੀ. ਪੀ. ਆਈ ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ (੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਚਹੁ ਜੁਗਾ ਕਾ ਹੁਣਿ ਨਿਬੇੜਾ | ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਏ ਮਨ ਮੇਰਿਆ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿੱਤਰ | ੬ |
| ਵਾਹੁ ਵਾਹੁ ਬਾਣੀ ਨਿਰੰਕਾਰ ਹੈ | ਕੰਵਰ ਅਜੀਤ ਸਿੰਘ ਜੀ | ੭ |
| ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ (੫) | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੧੬ |
| ਗੁਰ ਮੂਰਤਿ | ਸ: ਇੰਦਰ ਸਿੰਘ ਜੀ ਪਠਾਨਕੋਟ | ੨੦ |
| ਸਿਖ ਰਹਿਤ ਮਰਯਾਦਾ ਤੇ ਪੰਜ ਤਖ਼ਤਾਂ ਦਾ ਪਿਛੋਕੜ | ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ | ੨੨ |
| ਦਿੱਲੀ ਦਾ ਖ਼ੂਨੀ ਸਾਕਾ ਤੇ ਉਸ ਤੋਂ ਪਿਛੋਂ | 'ਸੂਰਾ' ਪਰਵਾਰ | ੨੬ |
| ਸ਼ਹੀਦਾਂ ਨੂੰ ਪ੍ਰਣਾਮ (ਕਵਿਤਾ) | ਸ: ਦਰਸ਼ਨ ਸਿੰਘ ਜੀ ਸੰਧੂ | ੨੮ |
| ਨਕਲੀ ਨਿਰੰਕਾਰੀ ਬਾਬੇ ਦਾ ਦਾਅਵਾ | ਗਿਆਨੀ ਗੁਰਦਿਤ ਸਿੰਘ ਜੀ | ੨੯ |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿਚ (ਕਵਿਤਾ) | ਮਿਤਰ ਜੀ ਮਾਲਬ | ੩੪ |
| ਸਿਖ ਧਰਮ ਵਿਚ ਸ਼ਹਾਦਤ | ਭਾਈ ਰਜਿੰਦਰ ਸਿੰਘ ਜੀ ਐਮ. ਏ. | ੩੫ |
| ਦਿੱਲੀ ਦੇ ਸਿਖ ਸ਼ਹੀਦ | ਗਿ: ਭਜਨ ਸਿੰਘ ਜੀ ਜਰਨਲਿਸਟ | ੩੮ |
| ਦਿੱਲੀ ਖ਼ੂਨੀ ਕਾਂਡ ਦੀ ਪੜਤਾਲੀਆ ਕਮੇਟੀ | | ੪੦ |
| ਦਿੱਲੀ ਮੇਅਰ ਦਾ ਸਿਖ ਵਿਰੋਧੀ ਪ੍ਰਗਟਾਵਾ | | ੪੨ |


| | | | |
|---|---|---|---|
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ | ੨ ਦਸੰਬਰ | ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦੀ | ੪ ਦਸੰਬਰ |
| ਸ਼ਹੀਦੀ ਵਡੇ ਸਾਹਿਬਜ਼ਾਦੇ (ਚਮਕੌਰ ਸਾਹਿਬ) | ੨੨ ਦਸੰਬਰ | ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹੰਦ ਸਾਹਿਬ) | ੨੭ ਦਸੰਬਰ |


## *ਜੀਵਨ ਚਰਿਤਰ ਭਾਈ ਸਾਹਿਬ ਰਣਧੀਰ ਸਿੰਘ ਜੀ*

ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਸੰਪੂਰਨ, ਪਰ ਸੰਖੇਪ ਜੀਵਨ, ਭਾਈ ਸਾਹਿਬ ਜੀ ਲਿਖਤ ਪੁਸਤਕਾਂ ਤੇ ਅਧਾਰਤ ਇਸ ਪੁਸਤਕ ਵਿਚ ਦਰਜ ਹੈ । ਕਈ ਸਮਾਚਾਰ ਹੋਰ ਥਾਵਾਂ ਤੋਂ ਲਏ ਗਏ ਹਨ ਅਤੇ ਅਖੀਂ ਡਿਠੇ ਸੁਣੇ ਵਾਪਰੇ ਹਾਲਾਤ ਵੀ ਸ਼ਾਮਲ ਕੀਤੇ ਹਨ । ਬਹੁਤ ਹਦ ਤਕ ਭਾਈ ਸਾਹਿਬ ਦੀਆਂ ਪੁਸਤਕਾਂ ਦੀ ਸ਼ਬਦਾਵਲੀ ਵਰਤੀ ਗਈ ਹੈ । ਪੁਸਤਕ ਪੜ੍ਹ ਕੇ ਸਿਖੀ ਲਈ ਦ੍ਰਿੜ੍ਹ ਵਿਸ਼ਵਾਸ਼, ਸ੍ਵੈ-ਭਰੋਸਾ ਤੇ ਪ੍ਰਮਾਰਥ ਬੈਰਾਗ ਉਤਪੰਨ ਹੁੰਦਾ ਹੈ । ਸਫ਼ੇ ੧੨੦, ਭੇਟਾ ਕੇਵਲ ਇਕ ਰੁਪਿਆ । ਸਧਾਰਨ ਡਾਕ ਖਰਚ ਸਮੇਤ ਡੇਢ ਰੁਪਿਆ ।

## **ਵੈਸਾਖੀ ਦਾ ਖ਼ੂਨੀ ਸਾਕਾ ਤੇ ਸ਼ਹੀਦੀ ਜੀਵਨ**

ਕਈ ਨਵੇਂ ਵਾਧਿਆਂ ਨਾਲ ਤੀਜੀ ਐਡੀਸ਼ਨ ਛਪ ਗਈ ਹੈ । ਇਸ ਵਿਚ ਖ਼ੂਨੀ ਸਾਕੇ ਦੀ ਪੂਰੀ ਵਾਕਫ਼ੀ, ਖ਼ਤਰੇ ਦੀ ਘੰਟੀ, ਨਕਲੀ ਨਿਰੰਕਾਰੀਆਂ ਬਾਰੇ ਸਚੋ ਸੱਚ ਆਦਿ ਲੇਖ ਦੇ ਕੇ ਮਰਜੀਵੜੇ ਸ਼ਹੀਦਾਂ ਦੇ ਜੀਵਨ ਦਿਤੇ ਗਏ ਹਨ । ਦਸ ਕਵਿਤਾਵਾਂ ਵੀ ਸ਼ਹੀਦੀ ਕਾਂਡ ਨਾਲ ਸਬੰਧਤ ਦਿਤੀਆਂ ਹੋਈਆਂ ਹਨ । ਸਫ਼ੇ ੧੪੦, ਚਿਤਰ ੨੭, ਭੇਟਾ ਡੇਢ ਰੁਪਿਆ ਸਧਾਰਨ ਡਾਕ ਸਮੇਤ ਦੋ ਰੁਪਏ


ਹੇਮਕੁੰਟ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ: ੬ ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧.੧੨.੭੮ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




ਸਾਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ., ਅਫਰੀਕਾ ੫੦-੦੦
ਕਨੇਡਾ, ਅਮਰੀਕਾ ੫੫-੦੦

ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੨ ਦਸੰਬਰ ੧੯੭੮ ਅੰਕ ੧੨

# ਚਹੁ ਜੁਗਾ ਕਾ ਹੁਣਿ ਨਿਬੇੜਾ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥
ਜਤੁ ਸੰਜਮੁ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥

[ਬਿਲਾਵਲ ਮ: ੩, ਪੰਨਾ ੭੯੭

ਗੁਰਮਤਿ ਨਾਮ ਦੀ ਪਰਧਾਨਤਾ (ਫ਼ਜ਼ੀਲਤ) ਦਾ ਤੱਤ-ਨਿਬੇੜਾ ਹੁਣ ਨਿਬੇੜਾ ਹੈ। ਸਾਰੇ ਜੁਗਾਂ ਦੇ ਪਰਖ ਦੇਖੇ ਧਰਮਾਂ ਦੇ ਗੁਰੱਤ ਜ਼ਮੀਰ ਨੂੰ ਪਰਤੱਖ ਹੋਏ ਤਜਰਬਿਆਂ ਦਾ ਤੱਤ ਨਿਚੋੜ ਇਹੀ ਹੈ ਕਿ ਮਾਨੁਖ ਜਾਤੀ ਦੇ ਹਰ ਫ਼ਰਦੇ ਬਸ਼ਰ (ਪ੍ਰਾਣੀ ਮਾਤਰ) ਲਈ ਬਰਕਤਾਂ ਦਾ ਖ਼ਜ਼ਾਨਾ ਇਕੋ ਗੁਰਮਤਿ ਨਾਮ ਅਤੇ ਗੁਰਮਤਿ ਨਾਮ ਅਭਿਆਸ ਮਈ ਤੱਤ ਗੁਰਮਤਿ ਕਰਮ ਹੀ ਹੈ। ਨਾਮ-ਨਿਧਾਨੀ ਬਰਕਤਾਂ ਵਾਲਾ ਪਰਧਾਨ ਗੁਰਮਤਿ ਕਰਮ ਇਕ ਸਰਬੋਤਮ ਨਾਮ ਹੈ, ਜਿਸ ਦੀ ਪਰਧਾਨਤਾ ਸਾਰੇ ਹੀ ਚਾਰੇ ਜੁਗਾਂ ਵਿਚਿ ਮੰਨੀ ਪਰਮੰਨੀ ਗਈ ਹੈ।

ਨਰ-ਪ੍ਰਾਣੀਆਂ ਦੇ ਜੁਗਾਂ-ਜੁਗਾਂਤਰੀ ਕੀਤੇ ਕਰਮਾਂ ਦਾ ਨਿਬੇੜਾ ਹੁਣ ਇਸ ਕਲਜੁਗ ਅੰਦਰ ਹੋਣਾ


www.AKJ.Org

ਹੈ। ਹੋਣ ਵਾਲਾ ਹੀ ਹੈ। ਨਾਮ-ਨਿਧਾਨੀ-ਗੁਰਮੁਖ ਪਰਧਾਨ ਕਰਮ ਵਾਲਿਆਂ ਦੀ ਹੀ ਹਰੇਕ ਕਰਮ-ਛੇਤਰ ਅੰਦਰਿ ਜੈ ਬਿਜੈ ਹੋਣੀ ਹੈ, ਹਰ ਮੈਦਾਨ ਫਤਿਹ ਹੋਣੀ ਹੈ। ਜਿਸ ਜਿਸ ਨੂੰ ਭੀ ਇਹ ਨਾਮ-ਨਿਧਾਨ ਮਿਲ ਗਿਆ, ਉਸੇ ਦੀ ਹੀ ਹਰੇਕ ਕਰਮ-ਛੇਤਰ ਵਿਚਿ ਕਾਮਯਾਬੀ ਹੋਵੇਗੀ। ਆਚਾਰ ਬਿਉਹਾਰੀ ਅਰਥ ਪਰਮਾਰਥੀ ਸਮਾਜਸੀ ਰਾਜਸੀ ਮੈਦਾਨ ਵਿਚਿ ਓੜਕ ਜੈ-ਬਿਜਈ-ਸੇਹਰਾ ਨਾਮ-ਨਿਸ਼ਾਨੀਆਂ ਨੂੰ ਹੀ ਮਿਲਣਾ ਹੈ। ਖ਼ਾਲਸਾ ਕੌਮ ਨਾਮ-ਨਿਧਾਨੀ ਕਰਮ-ਪਰਧਾਨੀ ਗੁਰਮੁਖਾਂ ਦੀ ਹੀ ਹੈ। ਤੇਜ ਪਰਤਾਪ ਸਾਰਾ ਨਾਮ ਨਿਧਾਨ ਦੀ ਬਰਕਤ ਕਮਾਈਆਂ ਵਿਚਿ ਹੀ ਹੈ।

ਨਾਮ ਦੀ ਬਰਕਤ ਕਮਾਈ ਵਾਲੇ ਖਾਲਸਾ ਜਨ ਓਹ ਹਨ ਜਿਨ੍ਹਾਂ ਨੇ ਜਾਗਤ ਜੋਤਿ ਨੂੰ ਨਿਸ ਬਾਸਰ (ਰਾਤ ਦਿਨ) ਜਪ ਕੇ ਪੂਰਨ ਜੋਤਿ ਨੂੰ ਆਪਣੇ ਘਟਾਂ ਵਿਚਿ ਜਗਾ ਲਿਆ ਹੈ। ਤਾਂਤੇ ਚੌਹਾਂ ਜੁਗਾਂ ਦਾ ਨਿਬੇੜਾ ਹੋਣਾ ਹੁਣ ਅਤਿ ਨੇੜੇ ਹੈ, ਕਸਰ ਹੈ ਤਾਂ ਘਟ-ਜੋਤਿ-ਜਗੰਤਰੇ ਗੁਰਮੁਖ ਜਨਾਂ ਨੂੰ ਪੰਥ ਅੰਦਰਿ ਪਰਗਟ ਰੂਪ ਵਿਚਿ ਪਰਧਾਨਤਾ ਮਿਲਣ ਦੀ ਹੈ।

ਮਲੇਛ ਰਾਜ ਦੇ ਸਦੀਆਂ ਬੱਧੇ ਉਲਟ ਪ੍ਰਭਾਵ ਪੈਣ ਕਰਕੇ ਅਤੇ ਮਲੇਛੀ ਹਕੂਮਤ ਦੀ ਗੁਲਾਮੀ ਕਰਨ ਕਰਕੇ, ਇਸ ਮਲੇਛੀ ਹਕੂਮਤ ਦੀ ਗੁਲਾਮੀ ਕਰਨਹਾਰੇ ਸਿਖ ਸ਼ਕਲ ਦੇ ਗ਼ੁਲਾਮਾਂ ਅੰਦਰਿ ਮਲੇਛਤਾ ਛਾ ਗਈ ਹੈ, ਮਲੇਛਤਾ ਘਰ ਕਰ ਗਈ ਹੈ, ਜਿਸ ਕਰਕੇ ਖ਼ਾਲਸਈ ਤੱਤ ਓਹਨਾਂ ਵਿਚਿ ਨਹੀਂ ਰਹਿਆ। ਮਲੇਛਤਾ ਦਾ ਮਿਲਗੋਭਾਪਨ ਵਰਤ ਗਿਆ। ਇਹ ਮਲੇਛੀ ਮਿਲਗੋਭਾਪਨ-ਅੰਸੀਏ ਦੇਖਣ ਪਾਖਣ ਨੂੰ ਸਿਖ ਦਿਸਣ ਵਾਲੇ ਮਾਨੋ ਮਲੇਛ ਸਿਖ ਬਣ ਗਏ ਹਨ, ਜਿਨ੍ਹਾਂ ਦੇ ਕਰਮ ਧਰਮ ਚਜ ਆਚਾਰ ਸਭ ਮਲੇਛਾਂ ਵਾਲੇ ਹੀ ਹਨ। ਸਿਰਫ਼ ਬੁਰਕਾ ਹੀ ਬੁਰਕਾ ਸਿਖੀ ਦਾ ਹੈ। ਨਾਮ ਨਿਧਾਨ ਤਿਨ੍ਹਾਂ ਦੇ ਨੇੜੇ ਨਹੀਂ। ਨਾਮ-ਨਿਧਾਨ-ਪਰਧਾਨ-ਕਮਾਈਆਂ ਤਾਂ ਓਹਨਾਂ ਤੋਂ ਕੀ ਹੋਣੀਆਂ ਸਨ! ਅਹੰਮਤ ਮਤਸਰੀ ਬਣੇ ਹੋਏ ਆਪਣੀ ਕੌਮ ਦੇ ਅੰਗਾ ਨੂੰ ਹੀ ਵੱਢ ਵੱਢ ਖਾ ਰਹੇ ਹਨ। ਇਕ ਦੂਜੇ ਦੇ ਵੈਰੀ ਹੋ ਗਏ ਹਨ। ਖ਼ਾਲਸਈ ਗੈਰਤ ਅਣਖ ਤਿਨ੍ਹਾਂ ਦੇ ਅੰਦਰਿ ਰਾਈ ਮਾਤਰ ਭੀ ਨਹੀਂ ਰਹੀ। ਨਿਪੁੰਸਕ ਅਨਮਤੀ ਹਕੂਮਤ ਦੀ ਚਾਕਰੀ ਗੁਲਾਮੀ ਕਰਨਾ ਬੜਾ ਭਾਰੀ ਫ਼ਖ਼ਰ ਸਮਝਦੇ ਹਨ। ਪੰਥ ਵਿਚ ਫੋਕੀ ਚੌਧਰਤਾ ਹੀ ਭਾਲਦੇ ਹਨ ਪੰਥ ਅੰਦਰਿ ਇਹ ਜੋ ਫੋਕਟ ਚੌਧਰਤਾ ਦੇ ਧੜੇ ਬਣ ਰਹੇ ਹਨ, ਇਹ ਸਭ ਏਸ ਕਰਕੇ ਹਨ ਕਿ ਏਹਨਾਂ ਅੰਦਰਿ ਮਹਾਂ ਮਲੇਛਤਾ ਛਾਈ ਹੋਈ ਹੈ, ਜੋ ਮਿਟਾਈ ਮਿਟਦੀ ਨਹੀਂ। ਖ਼ੁਦ ਮਿਟ ਜਾਣਗੇ ਤਾਂ ਮਿਟੇਗੀ, ਪੰਥ ਵਿਚੋਂ ਇਹ ਮਲੇਛ ਅੰਸ ਖੈ ਹੋ ਜਾਵੇਗੀ। ਅਤੇ ਨਿਰੋਲ ਖ਼ਾਲਸਈ ਰੂਹਾਂ, ਤੱਤ-ਨਾਮ-ਨਿਧਾਨੀ ਰੂਹਾਂ ਨਿਖਰ ਅਤੇ ਨਿਤਰ ਆਉਣਗੀਆਂ। ਅਜਿਹੀਆਂ ਰੂਹਾਂ ਦੇ ਪੁੰਜਾਂ ਦੇ ਪੁੰਜ ਪੈਦਾ ਹੋ ਜਾਣਗੇ, ਜੋ ਦਬਾ ਦਬ ਗੁਰੂ ਨੇਤ ਅਨੁਸਾਰ ਪੈਦਾ ਹੋ ਰਹੇ ਹਨ, ਅਤੇ ਪੈਦਾ ਹੁੰਦੇ ਚਲੇ ਜਾ ਰਹੇ ਹਨ। ਫੇਰ ਖ਼ਾਲਸੇ ਦਾ ਹਲੇਮੀ ਰਾਜ ਸੰਸਾਰ ਅੰਦਰਿ ਵਰਤੇਗਾ। ਓੜਕ ਨਾਮ-ਨਿਸ਼ਾਨੀਆਂ ਦੀ ਹੀ ਹਰ ਮੈਦਾਨ ਫ਼ਤਿਹ ਹੋਣੀ ਹੈ। ਨਾਮ-ਨਿਧਾਨ-ਕਮਾਈ ਵਾਲੇ ਪੰਜਾਂ ਦੇ ਹਥਿ ਜਦੋਂ ਪੰਥ ਦੀ ਡੋਰ ਆਵੇਗੀ ਤਦੋਂ ਇਹ ਮਲੇਛੀ ਅੰਸ ਖ਼ਾਲਸਾ ਕੌਮ ਵਿਚੋਂ ਆਪੇ ਖੈ ਹੋ ਜਾਵੇਗੀ* ।

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥ ੧॥(੨॥੪॥੩੫)

[ਧਨਾਸਰੀ ਮ: ੫, ਪੰਨਾ ੬੭੦

ਗੁਰਵਾਕ ਦੇ ਭਾਵ ਅਨੁਸਾਰ ਖ਼ਾਲਸਾ ਕੌਮ ਸੱਚੇ ਸੂਰਬੀਰਾਂ ਦੀ ਕੌਮ ਹੈ। ਸੱਚੀ ਸੂਰਮਤਾ ਸੂਰਬੀਰਤਾ

---

*ਪੁਰਾਣੀਆ ਸਾਖੀਆਂ ਵਿਚ ਇਹ ਬਚਨ ਆਉਂਦੇ ਹਨ —

ਮਲੇਛ ਖਾਲਸਾ ਹੋਸੀ ਨਾਸ ॥ ਸੰਤ ਖਾਲਸਾ ਹੋਸੀ ਪ੍ਰਕਾਸ ॥



www.AKJ.Org

ਆਤਮ ਰੰਗ ਵਾਲੇ ਨਾਮ-ਨਿਧਾਨੀ ਗੁਰਮੁਖਾਂ ਅੰਦਰਿ ਹੀ ਆ ਸਕਦੀ ਹੈ । ਇਸ ਜੁਗ ਕਲਜੁਗ ਅੰਦਰ ਨਾਮ ਨਿਧਾਨ ਹੀ ਪਰਧਾਨ ਕਰਮ ਹੈ। ਅਤੇ ਪਰਧਾਨ-ਕਰਮੀ-ਗੁਰਮੁਖ ਜਨ ਖਾਲਸਾ ਕੌਮ ਅੰਦਰ ਹੀ ਵਿਦਮਾਨ ਹਨ। ਅਤੇ ਦੂਜੀ ਕੋਈ ਸੂਰਤ ਹੀ ਨਹੀਂ, ਜਿਸ ਕਰਕੇ ਕਿ ਸਾਰੇ ਸੰਸਾਰ ਦੇ ਮਜ਼ਲੂਮਾਂ ਉਤੇ ਜ਼ੁਲਮ ਹੋਣੇ ਹਟ ਜਾਣ। ਚੌਹਾਂ ਜੁਗਾਂ ਦਾ ਨਿਬੇੜਾ ਇਸ ਬਿਧਿ ਹੀ ਹੋਵੇਗਾ ਜਦੋਂ ਨਾਮ-ਰਸੀਏ ਸਿੰਘ ਖੁੰਬਾਂ ਵਾਂਗੂ ਖਾਲਸਾ ਕੌਮ ਅੰਦਰ ਉਗਵ ਖਲੋਣਗੇ, ਅਤੇ ਉਗਵਣਗੇ ਨਾਮ-ਨਿਧਾਨੀ-ਸੂਰਮੱਤ ਪਰਧਾਨ ਸਪਿਰਟ ਦੇ ਤਾਣ। ਖਾਲਸਈ ਸਪਿਰਟ ਵਿਥਾਰੂ ਸਤਿਗੁਰੂ ਸੂਰਮਾ ਸਦਾ ਖਾਲਸਾ ਜੀ ਦੇ ਸੀਸ ਉਤੇ ਸੁਭਾਇਮਾਨ ਹੈ, ਸਪਿਰਟੋਂ ਘੁੱਥਿਆਂ ਨੂੰ ਦਿਸਦਾ ਨਹੀਂ।

ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾ ਕੇ ਕਾਰਜ ਪੂਰਾ ॥੭॥(੮॥੨੨)

[ਗਉੜੀ ਸੁਖਮਨੀ ਮ: ੫, ਪੰਨਾ ੨੯੩

ਸਪਿਰਟ-ਜੋਤੀਸ਼ਰਾਂ ਦੇ ਸਾਰੇ ਹੀ ਕਾਰਜ ਪੂਰੇ ਹੋ ਜਾਣੇ ਹਨ । ਸਭ ਤੋਂ ਵਡ-ਮਨੋਰਥੀ-ਕਾਰਜ ਖਾਲਸਾ ਜੀ ਦਾ ਇਹ ਹੈ, ਸਾਰੇ ਸੰਸਾਰ ਅੰਦਰਿ ਸੱਚੜਾ ਧਰਮ ਨਿਆਂਇ ਵਾਲਾ ਹਲੇਮੀ ਰਾਜ ਵਰਤ ਜਾਵੇ, ਜਾਂ ਤੇ ਪਰਜਾ ਭੀ ਸੁਖੀ ਅਤੇ ਪਰਜਾ-ਪਤੀ ਭੀ ਸੁਖੀਏ ਸੁਹੇਲੇ ਦੋਹੀ ਲੋਕੀਂ ਹੋਣ। ਮਜ਼ਲੂਮਾਂ ਅਨਾਥਾਂ ਉਤੇ ਜ਼ੁਲਮ ਹੋਣਾ ਹਟ ਜਾਵੇ। ਇਹ ਹਲੇਮੀ ਰਾਜ ਦਾ ਖਾਲਸਈ ਆਦਰਸ਼ ਹੈ।

ਅਜੇ ਮਲੇਛੀ ਬੁਰਕਾ-ਪੋਸ਼ ਸਿਖ ਅਜ ਦੀ ਧਰਮ ਨਿਆਂਇ ਤੋਂ ਹੀਣ ਹੀਜੜੀ ਸਰਕਾਰ ਦੀ ਗੁਲਾਮੀ ਚਾਕਰੀ ਵਿਚਿ ਆਏ ਹੋਏ ਹਨ। ਸੱਚੀ ਖਾਲਸਈ ਸਪਿਰਟ ਤੋਂ ਖ਼ਾਲੀ ਅਤੇ ਖ਼ਾਰਜ ਹੋ ਰਹੇ ਹਨ। ਇਹ ਪੰਥ ਅੰਦਰੋਂ ਭੀ ਛੇਤੀ ਖਾਰਜ ਹੋ ਜਾਣਗੇ। ਏਹਨਾਂ ਅੰਦਰ ਏਤਨਾ ਭੀ ਸਾਹਸ ਨਹੀਂ ਰਿਹਾ ਕਿ ਮਜ਼ਲੂਮਾਂ ਉਤੇ ਹੋਏ ਜ਼ੁਲਮ ਦਾ "ਆਹ ਦਾ" ਨਾਅਰਾ ਹੀ ਮਾਰ ਛਡਣ। ਏਹਨਾਂ ਮਲੇਛੀ ਮਤ ਵਾਲੇ ਯਰਕਈ ਸਿਖਾਂ ਦੀ ਹਕੂਮਤ ਪੁਰਜ਼ਈ ਰੁਕਨਾਵਾਂ ਵਲੋਂ ਏਹਨਾਂ ਦੇ ਸਾਹਮਣੇ ਨਾਮ-ਨਿਧਾਨੀ ਸ਼ਬਦ-ਸੁਰਤਿ-ਨੈਸ਼ਾਨੀ ਨਿਹੰਗ ਸਿੰਘਾਂ ਉਤੇ ਦਿਨ 'ਦਿਹਾੜੇ ਮਾਰ-ਧਾੜੀ ਜ਼ੁਲਮ ਹੋਏ,* ਜੋ ਹਿੰਦੁਸਤਾਨ ਅੰਦਰ ਹੋਈ ਕਿਸੇ ਹਕੂਮਤ ਦੇ ਜ਼ਮਾਨੇ ਵਿਚਿ ਨਹੀਂ ਹੋਏ, ਪਰ ਏਹਨਾਂ ਹਕੂਮਤ ਦੇ ਪੁਰਜ਼ੇ ਹਕੂਮਤ ਦੇ ਰੁਕਨ ਅਖਾਉਣ ਵਾਲੇ ਬੇਗੈਰਤ ਨਾਮ ਨਿਹਾਦ ਸ਼ਿੱਖਾਂ, ਗੈਰ ਹਕੂਮਤ ਦੀ ਚਾਕਰੀ ਵਾਲੇ ਗੁਲਾਮਾਂ ਦੇ ਬੇਦਰਦ ਹਿਰਦਿਆਂ ਅੰਦਰ ਭੋਰਾ ਦਰਦ ਨਾ ਆਇਆ। ਤਰਸ ਤੇ ਦਰਦ ਤਾਂ ਕੀ ਆਉਣਾ ਸੀ, ਸਗੋਂ ਓਹਨਾਂ ਨੇ ਨਿਸ਼ੰਗ ਹੋ ਕੇ ਬਿਚਾਰੇ ਸ਼ਹੀਦ ਹੋਏ ਪੰਥ ਦੇ ਸੇਵਕਾਂ ਨੂੰ ਅਣਿਆਈ ਕੋਸਣੀ ਕੋਸਿਆ । ਏਹਨਾਂ ਨੂੰ ਕਮਿਉਨਿਸਟ ਦਸਣ ਦੀ ਕੋਝੀ ਕਰਤੂਤ ਕੀਤੀ ਤੇ ਉਲਟੀ ਖੁਸ਼ੀ ਮਨਾਈ। ਪਰ ਇਹ ਸ਼ਹੀਦੀ ਨਾਪਾਕੀਆਂ ਦੇ ਰਾਜ ਉਲਟਾਉਣ ਲਈ ਹੋਈ ਹੈ। ਜਿਸ ਰਾਜ ਅੰਦਰ ਅਜਿਹੇ ਜ਼ੁਲਮ ਹੋਣ, ਉਹ ਰਾਜ ਚੰਦ ਦਿਨਾਂ ਦਾ ਪ੍ਰਾਹੁਣਾ ਹੀ ਹੋਇਆ ਕਰਦਾ ਹੈ। ਇਹ ਸ਼ਹੀਦ ਨਿਹੰਗ ਸਿੰਘਾਂ ਦੀਆਂ ਆਤਮਾਵਾਂ ਤਾਂ ਪਰਲੋਕੀਂ ਗੁਰ ਦਰਬਾਰ ਵਿਚਿ ਜਾ ਸੁਰਖਰੂ ਹੋਈਆਂ। ਸਾਨੂੰ ਮੁਸੱਰਤ (ਖੁਸ਼ੀ) ਏਸ ਗੱਲ ਦੀ ਹੈ ਕਿ ਜ਼ੁਲਮ ਦੇ ਰਾਜ ਨੂੰ ਏਹਨਾਂ ਦੀਆ ਸ਼ਹੀਦੀਆਂ ਜੜ੍ਹੋਂ ਉਖੇੜ ਗਈਆਂ।

ਅਜਿਹੀਆਂ ਸਤੋਗੁਣੀਆਂ ਰੂਹਾਂ, ਨਿਸ਼ਕਾਮ ਪੰਥ ਸੇਵਕਾਂ ਦੀਆਂ, ਵਧ ਤੋਂ ਵਧ ਪੰਥ ਅੰਦਰ ਪਰਗਟ ਹੋਣਗੀਆਂ ਅਤੇ ਪੰਥ ਦਾ ਵਾਲੀ ਖ਼ੁਦ ਆਪਣੇ ਪੰਥ ਨੂੰ ਅਜਿਹੀਆਂ ਆਤਮਾਵਾਂ ਸੇਤੀ ਸਰਸ਼ਾਰ ਕਰੇਗਾ।

---

* ਭਾ: ਸਾ: ਰਣਧੀਰ ਸਿੰਘ ਜੀ ਦਾ ੧੯੬੧ ਵਿਚ ਅਕਾਲ ਚਲਾਣਾ ਹੋਇਆ ਅਤੇ ਇਨ੍ਹਾਂ ਦੀ ਇਹ ਪੁਸਤਕ 'ਗੁਰਮਤਿ ਕਰਮ ਫ਼ਿਲਾਸਫ਼ੀ' ਅਕਾਲ ਚਲਾਂਣੇ ਤੋਂ ਕਈ ਸਾਲ ਪਹਿਲਾਂ ਛਪੀ ਸੀ, ਜਿਸ਼ ਵਿਚ ਇਸ ਘਟਨਾ ਦਾ ਜ਼ਿਕਰ ਹੈ।



www.AKJ.Org

ਅਸਾਡੇ ਸਿਰ ਤੇ ਖੜ ਕੇ ਸੱਚੀ ਸੂਰਮਤਾ ਦੀ ਸਪਿਰਟ, ਸੜੀਆਂ ਬੁਝੀਆਂ ਰੂਹਾਂ ਅੰਦਰਿ ਭੀ ਭਰੇਗਾ। ਅਜਿਹੀ ਆਤਮ-ਤੱਤੀ-ਆਤਮਾਵਾਂ ਦਾ ਤਾਂਤੇ ਦਾ ਤਾਂਤਾ ਸ਼ੀਘਰ ਉਠ ਖਲੋਇਗਾ ਅਤੇ ਹੱਕੋ ਹੱਕ ਨਿਆਉਂ ਨਿਬੇੜਾ ਕਰੇਗਾ। ਚੌਹਾਂ ਜੁਗਾਂ ਦਾ ਨਿਬੇੜਾ ਹੋਣ ਦੇ ਇਹ ਤੱਤ ਫੜੱਤੀ ਆਸਾਰ ਹਨ। ਚੌਹਾਂ ਜੁਗਾਂ ਦਾ ਨਿਬੇੜਾ ਕਰਨਹਾਰ ਇਕੋ ਇਕ ਨਿਧਾਨ, ਜੋ ਵਿਰਲੀਆਂ ਰੂਹਾਂ ਦੇ ਵਿਰਸੇ ਵਿਚਿ ਆਇਆ ਹੋਇਆ ਹੈ, ਗੁਰੂ ਕਲਗੀਆਂ ਵਾਲੇ ਦੀ ਕਿਰਪਾ ਨਾਲ ਵਾਛੜਵਾਲਾ ਮੀਂਹ ਸਾਰੀ ਖਾਲਸਾ ਕੌਮ ਅੰਦਰ ਵਰਸੇਗਾ। ਇਸ ਵਿਚਿ ਹੀ ਕਲਜੁਗੀ ਜੀਵਾਂ ਦਾ ਉਧਾਰ ਹੈ। ਤਿਹਾਂ ਪਿਛਲੇ ਜੁਗਾਂ ਦੇ ਕਰਮ-ਕਾਂਡੀਆਂ ਨੂੰ ਭੀ ਇਸ ਜੁਗ ਅੰਦਰ ਗੁਰੂ ਖਾਲਸਾ ਜੀ ਦੀ ਛੱਤਰ ਛਾਇਆ ਹੇਠ ਉਧਰਨ ਦੀ ਮੁਹਲਤ ਮਿਲੇਗੀ। ਇਹ ਮੁਹਲਤ ਜਿਨ੍ਹਾਂ ਜਿਨ੍ਹਾਂ ਨੂੰ ਨਹੀਂ ਨਸੀਬ ਹੋਵੇਗੀ ਓਹ ਆਪਣੀ ਮਰਨੀ ਫੇਰ ਮਰਨਗੇ ਅਤੇ ਚੌਰਾਸੀ ਦੇ ਗੇੜ ਵਿਚਿ ਪੈ ਕੇ ਫੇਰ ਜੁਗਾਂ ਜੁਗੰਤਰੀ ਘੁੰਮਣ-ਘੇਰੀ ਦੀ ਲਪੇਟ ਵਿੱਚ ਆਵਣਗੇ। ਪ੍ਰੰਤੂ ਸਤਿਗੁਰੂ ਦੀ ਨਦਰ ਮੇਹਰ ਨਾਲਿ ਹੁਣ ਦੇ ਨਿਆਉਂ ਨਿਬੇੜੇ ਕਲਜੁਗ ਜ਼ਮਾਨੇ ਅੰਦਰਿ ਸਰਬੱਤਰ ਨਰ ਮਨੁਖਾਂ ਨੂੰ ਇਹ ਨਿਧਾਨ ਖੁਲ੍ਹਮ ਖੁਲ੍ਹਾ ਪ੍ਰਾਪਤਿ ਹੈ।

"ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ" ਦਾ ਧੁਰ-ਧੁਰੰਦਰੀ ਉਚਰਿਆ ਹੋਇਆ ਭਵਿਖਤੀ ਗੁਰਵਾਕ ਪ੍ਰਾਣੀ ਮਾਤਰ ਦੇ ਉਧਾਰ ਲਈ ਹੈ, ਹਰੇਕ ਪਿਛਲੇ ਜੁਗਾਂ ਵਿਚ ਠੇਡੇ ਖਾਂਦੇ ਇਸਤ੍ਰੀ ਮਰਦ ਲਈ ਹੈ। "ਜਤੁ ਸੰਜਮੁ ਤੀਰਥ ਓਨਾ ਜੁਗਾ ਕਾ ਧਰਮੁ ਹੈ" ਪਿਛਲੇ ਜੁਗਾਂ ਸਤਿਜੁਗ ਤ੍ਰੇਤਾ ਦੁਆਪਰੀ ਜੁਗਾਂ ਦਾ ਧਰਮ ਕਰਮ ਸਤ ਸੰਜਮ ਤੀਰਥ ਆਦਿ ਹੀ ਹੈ। ਜਿਸ ਧਰਮ ਕਰਮ ਦੁਆਰਾ ਜਿਹੜਾ ਜੁਗਾਂ ਵਾਲੇ ਜੀਵਾਂ ਦਾ ਨਿਸਤਾਰਾ ਨਹੀਂ ਹੋਇਆ, ਨਾ ਹੋਣਾ ਹੈ, ਜਦ ਹੋਣਾ ਹੈ ਤਾਂ ਨਾਮ-ਨਿਧਾਨੀ ਪਰਧਾਨ ਕਰਮ ਦੇ ਕੀਤਿਆਂ ਹੀ ਹੋਣਾ ਹੈ, ਚਾਹੇ ਕਿਤਨੀਆਂ ਭੁਆਂਟਣੀਆਂ ਖਾ ਖਾ ਕੇ ਜੁਗਾਂ ਜੁਗੰਤਰ ਜੀਵ ਆਨਮਤ ਕਰਮ ਕਰਿ ਕਰਿ ਥਕ ਲੈਣ। "ਕਲਿ ਮਹਿ ਕੀਰਤਿ ਹਰਿ ਨਾਮ।" ਸੋ ਤੱਤ ਨਿਧਾਨੀ-ਕਰਮ ਧਰਮ ਪਰਧਾਨ ਕਰਮ ਨੇ ਹੀ ਸਾਰੇ ਜੁਗਾਂ ਦੇ ਜਨਮ-ਭਵੰਤਰੀ-ਜੀਵਾਂ ਦਾ ਉਧਾਰ ਨਿਸਤਾਰ ਕਰਨਾ ਹੈ।

["ਗੁਰਮਤਿ ਕਰਮ ਫ਼ਿਲਾਸਫ਼ੀ" ਪੁਸਤਕ ਵਿਚੋਂ

—o—

# ਏ ਮਨ ਮੇਰਿਆ

[ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਮਾਲਬ ਜ਼ਿਲਾ ਗੁੜਗਾਉਂ]

ਜੀਵਨ ਸਫਲ ਕਰਨ ਲਈ ਬਾਣੀ ਦੇਂਦੀ ਏ ਅਗਵਾਈ।
ਪ੍ਰਾਪਤ ਹੋਇ ਪ੍ਰੇਰਨਾ ਕਰ ਲੋ ਨਾਮ ਅਭਿਆਸ ਕਮਾਈ।
ਦ੍ਰਿੜ੍ਹ ਵਿਸ਼ਵਾਸੀ ਹੋ ਕੇ ਸਿਮਰਨ ਸੇਵ ਘਾਲਣਾ ਘਾਲੋ,
ਏਥੇ ਸੁਖ ਦਰਗਾਹ ਮੁਖ ਉਜਲ ਸਤਿਗੁਰ ਹੋਣ ਸਹਾਈ।੧।

ਸਤਿਗੁਰ ਹੋਣ ਸਹਾਈ 'ਮਿਤਰ ਕਟ ਜਾਵੇ ਜਮ-ਫਾਂਸੀ।
'ਸੁਰਤ ਚੜ੍ਹੇ ਆਤਮ-ਰੰਗ ਮਾਣੇ, ਮਿਲੇ ਸੁਖ ਅਬਿਨਾਸੀ।
"ਨਿਝਰ ਧਾਰ ਚੁਐ ਅਤਿ ਨਿਰਮਲ" ਵਰਸੈ ਅੰਮ੍ਰਿਤ ਧਾਰਾ,
ਸਦਾ ਵਿਗਾਸ ਦਿਸ਼ਾ ਵਿਚ ਵਿਚਰੇ 'ਬੇਗਮਪੁਰ'ਦਾ ਵਾਸੀ।੨।

"ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ"
"ਹਰਿ ਨਾਲਿ ਰਹੁ ਤੂ ਮੰਨ ਮੇਰੇ" ਪਵੇ ਨਾ ਵਿਥ ਵਿਚਾਲੇ।
ਜਿਉਂ ਜਿਉਂ ਵਿੱਥ ਵਧੇ ਤਿਉਂ ਤਿਉਂ ਪੈਂਦਾ ਜਾਇ ਵਿਛੋੜਾ
ਔਖਾ ਹੋਵੇ ਮਿਲਣਾ ਪਲ ਪਲ ਅੱਗ ਹਿਜਰ ਦੀ ਜਾਲੇ।੩।

ਅੱਗ ਹਿਜਰ ਦੀ ਠਾਰਨ ਦੇ ਲਈ ਜਲ ਹੈ ਸਤਿਗੁਰ ਬਾਣੀ।
ਸੀਤਲ ਹੋਵੇ ਮਨੂਆ ਪੜ੍ਹ ਪੜ੍ਹ, ਸਤਿਗੁਰ ਅਕੱਥ ਕਹਾਣੀ।
ਖੀਵੀ ਹੋ ਕੇ ਸੁਰਤਿ 'ਮਿਤਰ' ਜੀ, ਗਗਨ ਮੰਡਲ ਨੂੰ ਛੋਹੇ,
ਪੁਛੋ(ਇਸ)ਰਾਹ ਪੰਧਾਊਆਂ ਨੂੰ ਜਿਨ੍ਹਾਂ ਨੇ ਇਹ ਗੱਲ ਜਾਣੀ।੪।



www.AKJ.Org

# "ਵਾਹੁ ਵਾਹੁ ਬਾਣੀ ਨਿਰੰਕਾਰ ਹੈ"

[ਸਲੋਕ ਮ: ੩, ਗੂਜਰੀ ਕੀ ਵਾਰ, ਪੰਨਾ ੫੧੫

[ਕੰਵਰ ਅਜੀਤ ਸਿੰਘ ਜੀ, ੪੧/੧ ਸੰਤ ਨਗਰ, ਘੁਮਾਰ ਮੰਡੀ, ਲੁਧਿਆਣਾ]

## ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ

ਥੋੜੀ ਮਿਹਨਤ ਕਰ ਕੇ ਬਹੁਤਾ ਲਾਭ ਉਠਾਉਣ ਦਾ ਸੁਭਾਅ ਮਨੁੱਖ ਦਾ ਆਦਿ ਤੋਂ ਚਲਿਆ ਆ ਰਿਹਾ ਹੈ। ਕਈ ਵਾਰੀ ਚਲਾਕ ਲੋਕ ਕੀਮਤੀ ਚੀਜ਼ ਵਿਚ ਮਿਲਾਵਟ ਕਰ ਕੇ ਜਾਂ ਮੂਲੋਂ ਹੀ ਨਕਲ ਉਤਾਰ ਕੇ ਥੋੜੀ ਦੇਰ ਲਈ ਲੋਕਾਂ ਨੂੰ ਧੋਖਾ ਦੇਣ ਵਿਚ ਸਫਲ ਹੁੰਦੇ ਰਹੇ ਹਨ।

ਦੁਨਿਆਵੀ ਪਾਤਿਸ਼ਾਹੀ ਦਾ ਝੂਠਾ ਐਲਾਨ ਕਰ ਕੇ ਭੀ ਕਈ ਵਾਰੀ ਲੋਕ ਚਲਾਕੀ ਨਾਲ ਸਫਲ ਹੁੰਦੇ ਰਹੇ ਹਨ, ਪਰ ਕਾਨੂੰਨ ਦੀ ਸਜ਼ਾ ਤੋਂ ਡਰਦਿਆਂ ਇਸ ਤੋਂ ਸੰਕੋਚ ਕੀਤਾ ਜਾਂਦਾ ਹੈ। ਸੰਸਾਰੀ ਬੰਦਿਆਂ ਨੂੰ ਅਣਡਿਠੇ ਭਗਵਾਨ ਦਾ ਰੂਪ ਦਸ ਕੇ ਤੇ ਸਿਧੇ ਸਾਦੇ ਸ਼ਰਧਾਵਾਨ ਮਨੁੱਖਾਂ ਨੂੰ ਮੂਰਖ ਬਣਾ ਕੇ ਬਹੁਤ ਲੋਕਾਂ ਨੇ ਐਸ਼ ਇਸ਼ਰਤ ਦੇ ਸਾਧਨ ਪ੍ਰਾਪਤ ਕੀਤੇ ਹੋਏ ਹਨ। ਪਰ ਜਦ ਗੁਰਮਤਿ ਪ੍ਰਚਾਰ ਦੁਆਰਾ ਪ੍ਰਮਾਤਮਾ ਨੂੰ ਅਜੂਨੀ ਤੇ ਅਮਰ ਸਿਧ ਕਰ ਦਿਤਾ ਗਿਆ ਤਾਂ ਲੋਕਾਂ ਨੇ ਆਪਣੇ ਆਪ ਨੂੰ ਸਤਿਗੁਰੂ ਤੇ ਬਾਬਾ ਅਖਵਾ ਕੇ ਜਨਤਾ ਦੇ ਖ਼ੂਨ ਪਸੀਨੇ ਦੀ ਕਮਾਈ ਨਾਲ ਮੌਜ ਕਰਨੀ ਸ਼ੁਰੂ ਕਰ ਦਿਤੀ, ਜਦ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਸ਼ੰਕਰਾਚਾਰੀਆ ਤੇ ਗੋਰਖ ਨਾਥ ਤੋਂ ਸਿਵਾ ਕਿਸੇ ਵੀ ਧਾਰਮਿਕ ਆਗੂ ਨਾਲ ਇਹ ਪਦਵੀ ਲਗੀ ਹੋਣ ਦੀ ਸੂਹ ਨਹੀਂ ਮਿਲਦੀ। ਵਿਗਿਆਨ ਦੀ ਕਸਵਟੀ 'ਤੇ ਇਨ੍ਹਾਂ ਦੋਹਾਂ ਮਹਾਂ ਪੁਰਸ਼ਾਂ ਦਾ ਦਰਸ਼ਨ (ਫ਼ਿਲਾਸਫ਼ੀ) ਤੇ ਸਿਧਾਂਤ ਪੂਰੇ ਨਹੀਂ ਉਤਰੇ, ਤਾਂਤੇ ਰੂਹਾਨੀ ਮੰਡਲ ਵਿਚ ਕੇਵਲ ਤੇ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਉਤਰ ਅਧਿਕਾਰੀ ਗੁਰੂ ਸਾਹਿਬਾਂ ਨਾਲ ਹੀ ਇਹ ਪਦਵੀ (ਸਤਿਗੁਰੂ) ਲਗਾਣੀ ਯੋਗ ਹੈ ਤੇ ਗੁਰੂ ਬਾਣੀ ਦੀਆਂ ਨਿਮਨ ਲਿਖਤ ਤੁਕਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ—

ਸਤਿਗੁਰ ਬਾਝਹੁ ਗੁਰੁ ਨਹੀ ਕੋਈ
ਨਿਗੁਰੇ ਕਾ ਹੈ ਨਾਉ ਬੁਰਾ ॥੧੩॥

[ਆਸਾ ਮ: ੩ ਪਟੀ, ਪੰਨਾ ੪੩੫

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ
ਕਹਾਯਉ...॥੧॥

[ਸਵਈਏ ਮਹਲੇ ਪੰਜਵੇ ਕੇ, ਪੰਨਾ ੧੪੦੮

ਨਾਨਕ ਗੁਰੂ ਗੁਰੂ ਹੈ ਪੂਰਾ.. ॥੪॥੫॥

[ਰਾਮਕਲੀ ਮ: ੪, ਪੰਨਾ ੮੮੨

ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ ॥

[ਭਾਈ ਗੁਰਦਾਸ ਜੀ, ਵਾਰ ੩, ਪਉੜੀ ੧੨

ਮੇਰੀ ਹੇਠਲੀ ਲਿਖਤ ਨਕਲੀ ਨਿਰੰਕਾਰੀ (ਜੋ ਕਿ ਆਪਣੇ ਆਪ ਨੂੰ ਕੇਵਲ ਸਤਿਗੁਰੂ ਹੀ ਨਹੀਂ ਸਗੋਂ ਖ਼ੁਦਾ, ਭਗਵਾਨ, ਅੱਲਾ, ਸਭ ਕੁਝ ਹੀ ਅਖਵਾਉਂਦੇ ਹਨ) ਸੰਸਥਾ ਦੇ ਕਾਨਪੁਰ ਸ਼ਹਿਰ ਦੇ ਪ੍ਰਮੁਖ ਪ੍ਰਚਾਰਕ ਨਾਲ ਹੋਈ ਵਾਰਤਾ ਨਿਰੂਪਣ ਕਰਦੀ ਹੈ, ਜਿਸ ਨੂੰ ਖਾਲਸਾ ਪੰਥ ਦੇ ਹਰ ਇਕ ਵਿਅਕਤੀ ਦੇ ਹੱਥਾਂ ਵਿਚ ਪਹੁੰਚਾਉਣ ਲਈ ਸਤਿ-ਗੁਰੂ ਜੀ ਨੇ ਆਪ ਪ੍ਰੇਰਨਾ ਬਖਸ਼ੀ ਹੈ, ਤਾਂ ਜੁ ਗੁਰੂਬਾਣੀ ਤੇ ਗੁਰ-ਇਤਿਹਾਸ ਤੋਂ ਨਾਵਾਕਫ਼ ਆਮ ਲੋਕਾਈ ਨੂੰ ਇਨ੍ਹਾਂ ਨਕਲੀਆਂ ਦੀ ਆਤਮਕ ਸਤਿਆ ਦੇ ਢੋਂਗ ਦੀ ਤੇ ਅਸਲੀਅਤ ਦੀ ਵਾਕਫ਼ੀ ਹੋ ਸਕੇ।

ਸ਼ਾਮ ਵੇਲੇ ਮੈਂ ਆਪਣੇ ਦਫ਼ਤਰ ਦੇ ਕੰਮ ਵਿਚ



www.AKJ.Org

ਰੁਝਿਆ ਹੋਇਆ ਸੀ ਕਿ ਇਕ ਚੰਗੀ ਨੁਹਾਰ ਵਾਲੇ ਬਜ਼ੁਰਗ, ਚੂੜੀਦਾਰ ਪਜਾਮਾ, ਚਿੱਟੀ ਕਮੀਜ਼, ਚਿੱਟੀ ਦਸਤਾਰ ਤੇ ਹੱਥ ਵਿਚ ਛੜੀ, ਸਾਡੇ ਦਫਤਰ ਦੇ ਬਾਹਰ ਆ ਕੇ ਬੈਠ ਗਏ ਤੇ ਇਕ ਦੋ ਵਾਰ ਇਸ ਤਰ੍ਹਾਂ ਮੇਰੇ ਵਲ ਤਕਿਆ ਜਿਵੇਂ ਮੇਰੇ ਨਾਲ ਕੋਈ ਖ਼ਾਸ ਗੱਲ ਕਰਨਾ ਚਾਹੁੰਦੇ ਹੋਣ। ਆਪਣੇ ਕੰਮ ਤੋਂ ਵਿਹਲਾ ਹੋ ਮੈਂ ਉਨ੍ਹਾਂ ਨੂੰ ਸਤਿਕਾਰ ਨਾਲ ਗੁਰ ਫਤਿਹ ਬੁਲਾਈ ਤੇ ਉਨ੍ਹਾਂ ਦੇ ਆਉਣ ਦਾ ਪ੍ਰਯੋਜਨ ਤੇ ਸੇਵਾ ਪੁਛੀ। ਉਤਰ ਵਿਚ ਉਨ੍ਹਾਂ ਨੇ ਦਸਿਆ, "ਮੈਂ ਅਚਾਨਕ ਹੀ ਸ਼ਾਮ ਪਈ ਜਾਣ ਕੇ ਸੈਰ ਕਰਨ ਲਈ ਇਧਰ ਨਿਕਲਿਆ ਸੀ ਕਿ ਤੁਹਾਡੇ ਵਲੋਂ ਕੁਝ ਖਿਚ ਪੈਣ ਤੇ ਮੈਂ ਇਥੇ ਬੈਠ ਗਿਆ।" ਇਸ ਅਰੰਭਕ ਜਾਣ ਪਛਾਣ ਨਾਲ ਸਾਡੀ ਪਰਸਪਰ ਗੱਲ-ਬਾਤ ਸ਼ੁਰੂ ਹੋ ਗਈ, ਜੋ ਕਿ ਪਾਠਕਾਂ ਦੇ ਵਿਚਾਰ ਲਈ ਪੇਸ਼ ਕੀਤੀ ਜਾਂਦੀ ਹੈ।

ਬਜ਼ੁਰਗ—ਤੁਸੀਂ ਇਥੇ ਕਿਸ ਡਿਊਟੀ ਤੇ ਲਗੇ ਹੋਏ ਹੋ ?

ਮੈਂ—ਮੈਂ ਇਥੇ ... ... ... ਲਗਾ ਹੋਇਆ ਹਾਂ।

ਬਜ਼ੁਰਗ—ਤੁਸੀਂ ਕਾਫ਼ੀ ਜ਼ਿਮੇਵਾਰੀ ਵਾਲੀ ਜਗ੍ਹਾ ਕੰਮ ਕਰ ਰਹੇ ਹੋ। ਤੁਹਾਡਾ ਚੀਫ ਇੰਜੀਨੀਅਰ ਮੇਰਾ ਅੱਛੀ ਤਰ੍ਹਾਂ ਵਾਕਫਕਾਰ ਹੈ, ਕੋਈ ਕੰਮ ਹੋਵੇ, ਦਸਣਾ।

ਮੈਂ—ਤੁਹਾਡੀ ਬੜੀ ਮਿਹਰਬਾਨੀ ਹੈ। ਫ਼ਿਲਹਾਲ ਮੈਨੂੰ ਇਥੇ ਕੋਈ ਤਕਲੀਫ਼ ਨਹੀਂ, ਕੋਈ ਕੰਮ ਹੋਇਆ ਤਾਂ ਜ਼ਰੂਰ ਆਪ ਨੂੰ ਖੇਚਲ ਦੇਵਾਂਗਾ।

ਬਜ਼ੁਰਗ—ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ ?

ਮੈਂ—ਨੌਕਰੀ ਪੇਸ਼ਾ ਮਨੁਖ ਦਾ ਕੋਈ ਪੱਕਾ ਟਿਕਾਣਾ ਨਹੀਂ ਹੁੰਦਾ। ਪਰ ਮੇਰੇ ਮਾਤਾ ਪਿਤਾ ਦੀ ਰਿਹਾਇਸ਼ ਪਟਿਆਲੇ ਹੈ ਅਤੇ ਮੇਰਾ ਬਚਪਨ ਜ਼ਿਆਦਾ ਉਥੇ ਹੀ ਬੀਤਿਆ ਹੈ।

ਬਜ਼ੁਰਗ—ਮੈਂ ਭੀ ਪਟਿਆਲੇ ਦਾ ਹੀ ਰਹਿਣ ਵਾਲਾ ਹਾਂ। ਸ਼ੇਰਾਂ ਵਾਲੇ ਦਰਵਾਜ਼ੇ ਮੇਰੇ ਪੁਤਰਾਂ ਦਾ "ਫ਼ੋਟੋ ਗਮਰਜ਼" ਸਟੂਡੀਓ ਹੈ। ਮੈਂ ਪਹਿਲਾਂ ਫ਼ੌਜ ਵਿਚ ਕੈਪਟਨ ਸਾਂ, ਫਿਰ ਸਰਵਿਸ ਛੱਡ ਦਿਤੀ।

ਉਪ੍ਰੰਤ ਪਟਿਆਲੇ ਸ਼ਹਿਰ ਦੇ ਕੁਝ ਐਸੇ ਨਾਮਵਰ ਸਜਣਾਂ ਦੇ ਉਨ੍ਹਾਂ ਨਾਮ ਲਿਏ, ਜਿਨ੍ਹਾਂ ਨੂੰ ਮੈਂ ਨਿਜੀ ਤੌਰ ਤੇ ਵੀ ਜਾਣਦਾ ਸੀ।

ਮੈਂ—ਜਿਨ੍ਹਾਂ ਸਜਣਾਂ ਦੇ ਤੁਸੀਂ ਨਾਮ ਲੈ ਰਹੇ ਹੋ, ਇਨ੍ਹਾਂ ਨੂੰ ਤਾਂ ਮੈਂ ਅੱਛੀ ਤਰ੍ਹਾਂ ਜਾਣਦਾ ਹਾਂ। ਇਹ ਮੇਰੇ ਪਿਤਾ ਜੀ ਦੇ ਅਛੇ ਮਿਤਰ ਹਨ ਅਤੇ ਸਾਡੇ ਘਰ ਵਿਚ ਇਨ੍ਹਾਂ ਦਾ ਖ਼ਾਸਾ ਆਉਣਾ ਜਾਣਾ ਹੈ। ਪਰ ਆਪਣੇ ਘਰ ਵਿਚ ਤੁਹਾਡੇ ਨਾਉਂ ਦਾ ਮੈਂ ਕਦੇ ਜ਼ਿਕਰ ਨਹੀਂ ਸੁਣਿਆ।

ਬਜ਼ੁਰਗ—ਜੀ ਗੱਲ ਇਹ ਹੈ ਕਿ ਮੈਂ ਨਿਰੰਕਾਰੀ ਮਿਸ਼ਨ ਦਾ ਪ੍ਰਚਾਰਕ ਹਾਂ। ਕਈ ਲੋਕ ਸਾਨੂੰ ਅਛਾ ਨਹੀਂ ਸਮਝਦੇ ਤੇ ਕੱਟੜ ਧਾਰਮਕ ਖਿਆਲਾਂ ਦੇ ਆਦਮੀ ਤਾਂ ਸਾਡੇ ਨਾਲ ਨਫ਼ਰਤ ਕਰਦੇ ਹਨ। ਇਸ ਲਈ ਸਾਡਾ ਮੇਲ-ਮਿਲਾਪ ਸੀਮਤ ਹੀ ਹੈ।

ਮੈਂ—ਨਿਰੰਕਾਰੀ ਮਿਸ਼ਨ ਦੇ ਪ੍ਰਚਾਰਕ ਨੂੰ ਘ੍ਰਿਣਾ ਕਰਨ ਵਾਲਾ ਮੇਰੀ ਜਾਚੇ ਕੋਈ ਮੂਰਖ ਹੀ ਹੋਵੇਗਾ।

ਬਜ਼ੁਰਗ—ਮੈਂ ਆਪਣੀ ਕਾਫੀ ਉਮਰ ਤਕ ਗੁਰਬਾਣੀ ਪੜ੍ਹਦਾ ਰਿਹਾ ਹਾਂ, ਗੁਰੂ ਗ੍ਰੰਥ ਸਾਹਿਬ ਨੂੰ ਮਥੇ ਟੇਕਦਾ ਰਿਹਾ ਹਾਂ, ਪਾਠ ਭੀ ਕੀਤੇ, ਕੀਰਤਨ ਭੀ ਸੁਣਿਆ ਤੇ ਕੀਤਾ ਪਰ ਮੇਰਾ ਕੁਝ ਭੀ ਨਾ ਸਵਰਿਆ। ਫਿਰ ਚੰਗੇ ਭਾਗਾਂ ਨੂੰ ਮੈਂ ਬਾਬਾ ਅਵਤਾਰ ਸਿੰਘ ਦੀ ਸ਼ਰਨ ਪੈ ਗਿਆ। ਉਨ੍ਹਾਂ ਨੇ ਮੈਨੂੰ ਨਿਰੰਕਾਰ ਦਾ ਗਿਆਨ ਦਿਤਾ ਤੇ ਮੈਨੂੰ ਸਾਖਿਆਤ ਪ੍ਰਮਾਤਮਾ ਦੇ ਦਰਸ਼ਨ ਕਰਵਾ ਦਿਤੇ। ਓਦੋਂ ਤੋਂ ਹੀ ਮੈਂ ਇਸ "ਨਿਰੰਕਾਰੀ ਮਿਸ਼ਨ" ਦਾ ਪ੍ਰਚਾਰਕ ਬਣ ਗਿਆ ਹਾਂ। ਅਜ ਕਲ੍ਹ ਸਾਡੇ ਵਡੇ ਬਾਬਾ ਗੁਰਬਚਨ ਸਿੰਘ ਹਨ, ਜੋ ਸੰਗਤਾਂ ਨੂੰ ਗਿਆਨ ਦਿੰਦੇ ਹਨ। ਗੁਰੂ ਬਾਣੀ ਭੀ ਤਾਂ ਬਾਰ ਬਾਰ ਸੰਤਾਂ ਦੇ ਚਰਨ ਪਕੜਨ ਲਈ ਹੀ ਉਪਦੇਸ਼ ਦੇ ਰਹੀ ਹੈ।

ਮੈਂ—ਤੁਹਾਡੀ ਗੱਲ ਮੈਨੂੰ ਕੁਝ ਜਚੀ ਨਹੀਂ। ਤੁਹਾਡਾ



www.AKJ.Org

ਨਿਜੀ ਤਜਰਬਾ ਕੋਈ ਸਾਰੀ ਦੁਨੀਆ ਲਈ ਮਾਪ ਤੋਲ ਨਹੀਂ ਬਣ ਸਕਦਾ। ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਜੋਤੀ ਜੋਤਿ ਸਮਾਉਣ ਵੇਲੇ ਤੋਂ ਹੁਣ ਤਕ, ਸੈਂਕੜੇ ਹਜ਼ਾਰਾਂ ਨਹੀਂ, ਲਖਾਂ ਹੀ ਅਜਿਹੇ ਤੱਤ-ਵੇਤਾ, ਗੁਰਮੁਖ, ਮਹਾਂ ਪੁਰਸ਼ ਹੋਏ ਹਨ ਜਿਨ੍ਹਾਂ ਦਾ ਗੁਰੂ ਰੂਪ ਗੁਰਬਾਣੀ ਦੇ ਲੜ ਲਗਿਆਂ ਹੀ ਸਭ ਕੁਝ ਸਵਰ ਗਿਆ ਹੈ।

ਬਹੁਤੀ ਪਿਛਲੀ ਗੱਲ ਨਾ ਭੀ ਕਰੀਏ, ਇਸ ਸਦੀ ਵਿਚ ਹੀ ਅਨੇਕ ਮਹਾਂ ਪੁਰਸ਼ਾਂ, ਜਿਵੇਂ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਸਤੂਆਣਾ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ • ਨਾਰੰਗਵਾਲ, ਬਾਬਾ ਨੰਦ ਸਿੰਘ ਜੀ ਕਲੇਰਾਂ, ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਆਦਿ ਨੇ ਕੇਵਲ ਗੁਰੂ ਬਾਣੀ ਦੇ ਲੜ ਲਗ ਕੇ ਹੀ ਬ੍ਰਹਮ ਗਿਆਨ ਪ੍ਰਾਪਤ ਕੀਤਾ ਤੇ ਆਤਮਕ ਉਚਤਾ ਦੀ ਟੀਸੀ ਤੇ ਪਹੁੰਚ ਕੇ ਵਿਸਮਾਦੀ ਆਤਮ-ਰੰਗ ਮਾਣਦੇ ਰਹੇ।

ਬਜ਼ੁਰਗ :—ਜੀ ਇਨ੍ਹਾਂ ਦੀ ਗੱਲ ਛਡੋ, ਤੁਹਾਡੀ ਉਮਰ ਛੋਟੀ ਹੈ। ਪਰ ਮੈਂ ਜ਼ਿੰਦਗੀ ਦਾ ਕਾਫ਼ੀ ਸਮਾਂ ਇਨ੍ਹਾਂ ਕੋਲ ਗੁਜ਼ਾਰਿਆ ਹੈ। ਸੰਤ ਅਤਰ ਸਿੰਘ ਜੀ ਕੇਵਲ ਪੇਂਡੂ ਅਨਪੜ੍ਹ ਲੋਕਾਂ ਨੂੰ ਹੀ ਪਿਛੇ ਲਾ ਸਕਦੇ ਸੀ, ਭਾਈ ਰਣਧੀਰ ਜੀ ਨਿਰੇ ਕਰਮ ਕਾਂਡੀ ਸਨ, ਭਾਈ ਵੀਰ ਸਿੰਘ ਕੇਵਲ ਇਕ ਲਿਖਾਰੀ ਸੀ। ਅਸਲ ਗੱਲ ਇਹ ਹੈ ਕਿ ਜੋ ਲੋਕ ਧਾਰਮਕ ਰਹੁ-ਰੀਤ ਦੇ ਬੰਧਨਾਂ ਵਿਚ ਫਸੇ ਹੋਏ ਹਨ ਉਹ ਪ੍ਰਮਾਤਮਾ ਨੂੰ ਪਾ ਹੀ ਨਹੀਂ ਸਕਦੇ। ਕਿਉਂਕਿ ਉਸ ਨਿਰੰਕਾਰ ਦਾ ਆਪਣਾ ਕੋਈ ਧਰਮ ਨਹੀਂ ਹੈ।

ਮੈਂ :—ਤੁਸੀਂ ਫਿਰ ਇਉਂ ਕਿਉਂ ਨਹੀਂ ਕਹਿੰਦੇ ਕਿ ਮਾਂ ਦੇ ਪੇਟ ਵਿਚੋਂ ਪੈਦਾ ਹੋਇਆ ਮਨੁਖ ਰੱਬ ਨੂੰ ਪਾ ਹੀ ਨਹੀਂ ਸਕਦਾ, ਕਿਉਂਕਿ ਰੱਬ ਕਿਸੇ ਦੀ ਕੁਖ ਵਿਚੋਂ ਨਹੀਂ ਜੰਮਿਆ। ਫਿਰ ਸਮੱਗ-ਲਰਾਂ ਤੇ ਚੋਰਾਂ ਦਾ ਕੋਈ ਧਰਮ ਨਹੀਂ ਹੁੰਦਾ, ਨ ਹੀ ਰੂਸ ਵਾਲੇ ਕਿਸੇ ਧਰਮ ਦੇ ਅਨੁਆਈ ਹਨ, ਫਿਰ ਤੁਹਾਡੇ ਕਹਿਣ ਅਨੁਸਾਰ ਇਹ ਸਭ ਬ੍ਰਹਮ ਗਿਆਨੀ ਹੋਣੇ ਚਾਹੀਦੇ ਹਨ।

ਬਜ਼ੁਰਗ :—ਇਹ ਕਿਥੇ ਲਿਖਿਆ ਹੋਇਆ ਹੈ ਕਿ ਗੁਰੂ ਗ੍ਰੰਥ ਸਾਹਿਬ ਹੀ ਗੁਰੂ ਹੈ ?

ਮੈਂ :—ਰੋਜ਼ ਗੁਰਦੁਆਰਿਆਂ ਵਿਚ ਪੜ੍ਹਦੇ ਹਾਂ "ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ। ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।

ਬਜ਼ੁਰਗ :—ਇਹ ਤਾਂ ਅਕਾਲੀਆਂ ਨੇ ਸਲੋਕ ਘੜ ਲਿਤਾ ਹੈ।

ਮੈਂ :—ਗੁਰੂ ਬਾਣੀ ਦੀਆਂ ਹੇਠਲੀਆਂ ਤੁਕਾਂ ਤੇ ਹੋਰ ਅਨੇਕਾਂ ਫ਼ੁਰਮਾਨ ਦਰਸਾ ਰਹੇ ਹਨ—

ਸਤਿਗੁਰ ਬਚਨ ਬਚਨ ਹੈ ਸਤਿਗੁਰ
ਪਾਧਰੁ ਮੁਕਤਿ ਜਣਾਵੈਗੋ ॥੫॥(੮॥੩)
ਕਾਨੜਾ ਮ: ੪, ਪੰਨਾ ੧੩੧੦

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ.. ੪੪॥
ਸਿਧ ਗੋਸਟਿ ਮ: ੧, ਪੰਨਾ ੯੪੩

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ ॥੫॥(੮॥੪)
ਨਟ ਮ: ੪, ਪੰਨਾ ੯੮੨

ਬਜ਼ੁਰਗ :—ਦੇਖੋ ਸਾਫ ਲਿਖਿਆ ਹੋਇਆ ਹੈ "ਪਰਤਖਿ ਗੁਰੂ ਨਿਸਤਾਰੇ", ਭਾਵ ਪਰਤੱਖ ਦੇਹਧਾਰੀ ਗੁਰੂ ਹੀ ਨਿਸਤਾਰਾ ਕਰ ਸਕਦਾ ਹੈ।

ਮੈ :—ਪਹਿਲਾਂ ਤਾਂ ਜੇ ਤੁਹਾਡਾ ਅਰਥ ਹੀ ਸਹੀ ਮੰਨ ਲਈਏ ਤਾਂ ਇਹ ਕਿਤੇ ਨਹੀਂ ਲਿਖਿਆ ਹੋਇਆ ਕਿ ਬਾਬਾ ਅਵਤਾਰ ਸਿੰਘ, ਜਾਂ ਬਾਬਾ ਗੁਰਬਚਨ ਸਿੰਘ ਹੀ ਪਰਤੱਖ ਗੁਰੂ ਹੈ। ਜੇ ਇਹੋ ਅਰਥ ਲਈਏ ਤਾਂ ਇਹ ਇਸ਼ਾਰਾ ਗੁਰੂ ਰਾਮ ਦਾਸ ਮਹਾਰਾਜ ਦਾ ਕੇਵਲ ਸ੍ਰੀ ਗੁਰੂ ਅਮਰਦਾਸ ਮਾਹਾਰਾਜ ਬਾਰੇ ਹੋ ਸਕਦਾ ਹੈ, ਨਾ ਕਿ ਤੁਹਾਡੇ



www.AKJ.Org

ਨਿਰੰਕਾਰੀ ਬਾਬਿਆਂ ਲਈ । ਪਰ ਸਹੀ ਅਰਥ ਇਥੇ ਗੁਰਬਾਣੀ ਵਿਆਕਰਣ ਅਨੁਸਾਰ 'ਖ' ਨੂੰ ਸਿਹਾਰੀ ਹੋਣ ਕਰਕੇ 'ਪਰਤੱਖ ਹੋ ਕੇ' ਲਗਦਾ ਹੈ, ਭਾਵ ਜੋ ਸਿਖ-ਸੇਵਕ ਗੁਰੂ ਬਾਣੀ ਦੇ ਕਹੇ ਅਨੁਸਾਰ ਚਲੇਗਾ, ਗੁਰੂ ਜਯੋਤਿ ਗੁਰਬਾਣੀ ਰਾਹੀਂ ਪਰਤੱਖ ਹੋ ਕੇ ਸਿਖ ਦਾ ਨਿਸਤਾਰਾ ਕਰੇਗੀ।

ਬਜ਼ੁਰਗ :—ਕੀ ਤੁਸੀਂ ਦਸ ਸਕਦੇ ਹੋ ਕਿ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀਰ ਤਿਆਗਿਆ, ਉਸ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਉਥੇ ਸੀ?

ਮੈਂ :—ਇਤਿਹਾਸ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਦਮਦਮੇ ਸਾਹਿਬ ਗੁਰੂ ਕਾਂਸ਼ੀ ਵਿਖੇ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਰਜ ਕਰ ਕੇ ਬੀੜ ਸੰਪੂਰਨ ਕੀਤੀ। ਅਨੇਕਾਂ ਉਤਾਰੇ ਸਿਖਾਂ ਨੇ ਕੀਤੇ ਅਤੇ ਨਾਂਦੇੜ ਜਾਣ ਵੇਲੇ ਗੁਰੂ ਸਾਹਿਬ ਨਾਲ ਲੈ ਕੇ ਗਏ।

ਪਰ ਜੇ ਮੰਨ ਲਈਏ ਕਿ ਉਸ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨਹੀਂ ਸੀ ਤਾਂ ਕੀ ਜਦੋਂ ਗੁਰੂ ਅਰਜਨ ਦੇਵ ਮਹਾਰਾਜ ਨੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਗੁਰ-ਗਦੀ ਬਖਸ਼ੀ ਤਾਂ ਗੁਰੂ ਹਰਿ ਗੋਬਿੰਦ ਸਾਹਿਬ ਲਾਹੌਰ ਸਨ? ਜੇ ਗੁਰੂ ਅਰਜਨ ਦੇਵ ਮਹਾਰਾਜ ਲਾਹੌਰ ਬੈਠੇ ਕੇਵਲ ਸ਼ਬਦ ਰਾਹੀਂ ਹੀ ਆਪਣੀ 'ਗੁਰੂ ਜਯੋਤਿ' ਗੁਰੂ ਹਰਿ ਗੋਬਿੰਦ ਸਾਹਿਬ ਵਿਚ ਟਿਕਾ ਸਕਦੇ ਹਨ ਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਮਹਾਰਾਜ ਦਿਲੀ ਬੈਠੇ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਬਕਾਲੇ (ਅੰਮ੍ਰਿਤਸਰ) ਵਿਚ ਗੁਰ-ਗਦੀ ਬਖਸ਼ ਸਕਦੇ ਹਨ ਤਾਂ ਕੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਗਦੀ ਨਹੀਂ ਸੀ ਦੇ ਸਕਦੇ।

ਬਜ਼ੁਰਗ :—ਕੋਈ ਠੋਸ ਇਤਿਹਾਸਕ ਪ੍ਰਮਾਣ ਦੇ ਸਕਦੇ ਹੋ ਜਿਸ ਤੋਂ ਇਹ ਗੱਲ ਸਾਬਤ ਹੋ ਸਕੇ?

ਮੈਂ :—ਕਿਸੇ ਸਿਖ ਦਾ ਜਾਂ ਗ਼ੈਰ-ਸਿੱਖ ਦਾ, ਕਿਸੇ ਭਾਰਤੀ ਦਾ ਜਾਂ ਬਿਦੇਸ਼ੀ ਦਾ, ਜਿਸ ਦਾ ਤੁਸੀਂ ਕਹੋ, ਉਸੇ ਦਾ ਪ੍ਰਮਾਣ ਹਾਜ਼ਰ ਹੈ।

ਬਜ਼ੁਰਗ:—ਤੁਸੀਂ ਕਿਸੇ ਦਾ ਦੇਵੋ।

ਮੈਂ :—ਬਿਦੇਸ਼ੀ ਆਦਮੀ ਦਾ ਨਿਰਲੇਪ ਹੋਣ ਕਾਰਨ ਤੁਹਾਡੀ ਜ਼ਿਆਦਾ ਤਸੱਲੀ ਕਰੇਗਾ। ਮੁਗ਼ਲ ਬਾਦਸ਼ਾਹ ਫਰਖ਼ਸੀਅਰ ਦੇ ਦਰਬਾਰ ਵਿਚ ਈਸਟ ਇੰਡਿਆ ਕੰਪਨੀ ਦਾ ਪੁਲੀਟੀਕਲ ਏਜੰਟ ਮਿ : ਐਲਫਿਨਸਟਨ ਸੀ, ਜਿਸ ਨੇ ਬੰਦੇ ਬਹਾਦਰ ਦੀ ਸ਼ਹੀਦੀ ਦੇ ਅੱਖੀਂ ਡਿਠੇ ਹਾਲ ਲਿਖ ਕੇ ਕਲਕੱਤੇ ਕੰਪਨੀ ਦੇ ਹੈਡ ਆਫ਼ਿਸ ਭੇਜੇ ਸਨ। ਉਹ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਤੋਂ ਪਿਛੋਂ ਖਾਲਸਾ ਪੰਥ ਵਿਚ ਕੋਈ ਦੇਹਧਾਰੀ ਗੁਰੂ ਨਹੀਂ ਹੈ। ਸ੍ਰੀ ਗੁਰੂ ਜੀ ਨੇ ਆਪਣੀ ਆਤਮਕ ਸ਼ਕਤੀ ਧਾਰਮਕ ਪੁਸਤਕ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਸਮੋ ਦਿਤੀ ਤੇ ਸਰੀਰਕ ਸ਼ਕਤੀ ਖਾਲਸਾ ਪੰਥ ਰਾਹੀਂ ਪ੍ਰਗਟ ਕੀਤੀ ਹੈ।* ਇਹੀ ਗੱਲ ਹਜ਼ੂਰ ਸਾਹਿਬ ਕਲਗੀਧਰ ਮਹਾਰਾਜ ਦੇ ਸ਼ਬਦ ਤੋਂ ਪ੍ਰਗਟ ਹੈ।

ਗੁਰ ਆਪਨੋ ਮੋ ਖਾਲਸੇ ਦੀਨਾ,
ਦੁਤਿਯ ਰੂਪ ਸਤਿਗੁਰ ਗ੍ਰੰਥਾ ॥
ਬੋਲਨ ਸਤਿਗੁਰੁ ਸਬਦ ਸੰਭਾਖਨ
ਨਾਮ ਗੋਬਿੰਦ ਕੀਰਤਨ ਸੰਥਾ ॥
ਗੁਨਾਨਵਾਦ ਪੁਨਿ ਸਿਫਤਿ ਸਲਾਹਨਿ
ਊਠਤਿ ਬੈਠਤਿ ਸੈਨ ਕਰੰਥਾ ॥
ਪਾਵਨ ਪੰਥ ਖਾਲਸਾ ਪ੍ਰਗਟਿਯੋ
ਚਾਰ ਵਰਣ ਆਸ਼੍ਰਮ ਸੁਭ ਪੰਥਾ ॥
ਇਨ ਕੋ ਦਰਸ਼ਨ ਗੁਰੂ ਕੋ ਦਰਸਨੁ
ਬੋਲਨ ਗੁਰੂ ਸਬਦ ਗੁਰੁ ਗ੍ਰੰਥਾ ॥
ਦ੍ਵਾਦਸਿ ਰੂਪ ਸਤਿਗੁਰਏ ਕਹੀਯਤ
ਦ੍ਵਾਦਿਸ ਭਾਨੁ ਪ੍ਰਗਟਿ ਹਰਿ ਸੰਤਾ ॥

---

* An early European account of Sikhs By Dr. Ganda Singh.



www.AKJ.Org

ਪ੍ਰਤਖ ਕਲਾ ਪਾਰਬ੍ਰਹਮ ਧਣੀਛੇ
ਗ੍ਰੰਥ ਪੰਥ ਖਾਲਿਸ ਵਰਤੰਤਾ ॥
(ਸਰਬ ਲੋਹ ਗ੍ਰੰਥ)

ਬਜ਼ੁਰਗ:—ਤੁਹਾਨੂੰ ਜੇ ਨਹੀਂ ਪਤਾ ਤਾਂ ਸੁਣ ਲਵੋ। ਗੁਰੂ ਨਾਨਕ ਦੇਵ ਦਾ ਭੀ ਗੁਰੂ ਸੀ, ਜਿਸ ਦਾ ਨਾਉਂ ਸੰਤ ਰੇਣ ਸੀ। ਇਸੇ ਲਈ ਉਨ੍ਹਾਂ ਨੇ ਪ੍ਰਮਾਤਮਾ ਨੂੰ ਬੇਨਤੀ ਕੀਤੀ ਹੈ, "ਕਹੁ ਨਾਨਕ ਸੰਤ ਰੇਨੁ ਮਾਗਉ ਮੇਰੋ ਮਨੁ ਪਾਵੈ ਬਿਸ੍ਰਾਮ ॥"*

ਮੈਂ:—ਚੰਗਾ ਹੁੰਦਾ ਜੇ ਤੁਸੀਂ ਇਹ ਪ੍ਰਮਾਣ ਦੇਣ ਤੋਂ ਪਹਿਲਾਂ ਗੁਰੂ ਬਾਣੀ ਦੀ ਸਟੱਡੀ ਕਰ ਲੈਂਦੇ। ਇਹ ਤੁਕਾਂ ਟੋਡੀ ਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀਆਂ ਹਨ, ਨਾ ਕਿ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੀਆਂ। ਸ਼ਬਦ ਸ਼ੁਰੂ ਹੁੰਦਾ ਹੈ, "ਮਾਗਉ ਦਾਨੁ ਠਾਕੁਰ ਨਾਮੁ"। * ਮੇਰੇ ਖਿਆਲ ਵਿਚ ਤੁਹਾਨੂੰ ਗੁਰੂ ਬਾਣੀ ਦੀ ਕੋਈ ਵਾਕਫੀਅਤ ਨਹੀਂ। ਤੁਸਾਂ ਪ੍ਰਯੋਜਨ-ਸਿਧੀ ਲਈ ਗੁਰਬਾਣੀ ਦੀਆਂ ਕੁਝ ਤੁਕਾਂ ਰਟੀਆਂ ਹੋਈਆਂ ਹਨ, ਜਿਸ ਦੇ ਤੁਸੀਂ ਅਨਰਥ ਕਰਦੇ ਹੋ। ਉਪਰਲੀ ਤੁਕ ਵਿਚ ਗੁਰੂ ਸਾਹਿਬ ਬੇਨਤੀ ਕਰ ਰਹੇ ਹਨ ਕਿ ਮੈਨੂੰ ਸੰਤਾਂ ਦੀ ਧੂੜ (ਚਰਨ ਧੂੜ) ਬਖਸ਼ੋ। ਕੀ ਤੁਸੀਂ ਦਸ ਸਕਦੇ ਹੋ, ਤੁਹਾਡੇ ਬਾਬਿਆਂ ਦਾ ਕੋਈ ਨਵਾਂ ਉਪਦੇਸ਼, ਗਿਆਨ ਜਾਂ ਸੰਸਾਰ-ਕਲਿਆਣ ਲਈ ਨਵਾਂ ਮਾਰਗ ਕੀ ਹੈ?

ਬਜ਼ੁਰਗ—ਬਾਬਿਆਂ ਦਾ ਉਪਦੇਸ਼ ਹੈ ਕਿ ਨਿਰੰਕਾਰੀ ਗਿਆਨ ਲੈ ਕੇ ਆਦਮੀ ਸੰਸਾਰ ਵਿਚ ਰਹਿ ਕੇ ਕਾਰ ਵਿਹਾਰ ਕਰਦਾ ਹੋਇਆ ਗ੍ਰਿਹਸਤੀ ਜੀਵਨ ਬਤੀਤ ਕਰੇ।

ਮੈਂ:—ਇਹ ਉਪਦੇਸ਼ ਪਹਿਲੋਂ ਹੀ ਸਿਖ ਗੁਰੂ ਸਾਹਿਬਾਨ ਨੇ ਜਗਤ ਨੂੰ ਦਿਤਾ ਹੈ ਤੇ ਹੁਣ ਗੁਰੂ ਬਾਣੀ ਦ੍ਰਿੜ੍ਹਾ ਰਹੀ ਹੈ। ਫਿਰ ਤੁਹਾਡੇ ਬਾਬਿਆਂ ਦੀ ਸਾਨੂੰ ਕੀ ਲੋੜ ਹੈ?

*ਟੋਡੀ ਮ: ੫, ਪੰਨਾ ੭੧੩

ਬਜ਼ੁਰਗ:—ਸਿਖ ਗੁਰੂਆਂ ਨੇ ਕਿਹੜਾ ਆਪਣੇ ਪਲਿਓਂ ਕੋਈ ਨਵੀਂ ਗੱਲ ਕੀਤੀ ਹੈ, ਉਨ੍ਹਾਂ ਨੇ ਭੀ ਕੁਝ ਇਸਲਾਮ ਵਿਚੋਂ ਲੈ, ਕੁਝ ਹਿੰਦੂ ਧਰਮ ਵਿਚੋਂ ਲੈ ਕੇ ਹੀ ਤਾਂ ਆਪਣਾ ਨਵਾਂ ਧਰਮ ਖੜਾ ਕਰ ਲਿਆ ਹੈ।

ਮੈਂ:—ਹੁਣੇ ਹੁਣੇ ਤੁਸੀਂ ਬਹੁਤ ਸ਼ਰਧਾ ਨਾਲ ਗੁਰੂ ਸਾਹਿਬ ਦੇ ਨਾਉਂ ਲੈ ਰਹੇ ਸੀ, ਪਰ ਇਕ-ਦਮ ਤੁਹਾਡੀ ਬੋਲੀ ਤਲਖ ਕਿਸ ਤਰ੍ਹਾਂ ਹੋ ਗਈ? ਖੈਰ! ਤੁਸੀਂ ਆਪਣੀ ਹਰ ਗੱਲ ਦਾ ਉਤਰ ਲੈ ਸਕਦੇ ਹੋ।

ਸਿਖ ਗੁਰੂ ਸਾਹਿਬਾਨ ਨੇ ਨਾ ਕਿਸੇ ਦੀ ਚੋਰੀ ਕੀਤੀ ਤੇ ਨਾ ਹੀ ਕਿਸੇ ਕੋਲੋਂ ਮੰਗ ਕੇ ਜਾਂ ਉਧਾਰ ਲੈ ਕੇ ਸਿਧਾਂਤ ਦਿਤਾ ਹੈ। ਉਨ੍ਹਾਂ ਨੇ ਹਰ ਚੀਜ਼ ਸੰਸਾਰ ਨੂੰ ਨਵੇਂ ਢੰਗ ਵਿਚ ਪੇਸ਼ ਕੀਤੀ, ਪਰ ਹਰ ਅਛੀ ਤੇ ਸਹੀ ਗੱਲ ਦਾ ਸਤਿਕਾਰ ਕੀਤਾ।

ਗੁਰੂ ਸਾਹਿਬ ਦੀ ਬਖਸ਼ੀ ਹੋਈ ਖਾਲਸਈ ਸ਼ਕਲ, ਰਹਿਤ ਬਹਿਤ ਖਾਲਸਈ ਬਾਣਾ, ਨਿਸ਼ਾਨ ਸਾਹਿਬ ਦਾ ਰੰਗ ਤੇ ਸਿਗਨੀਆ, ਸ਼ਸਤਰ ਤੇ ਸ਼ਾਸਤਰ ਦਾ ਸੁਮੇਲ, ਸੰਗਤ ਤੇ ਪੰਗਤ, ਲੰਗਰ ਦੀ ਮਰਯਾਦਾ, ਖਾਲਸਈ ਬੋਲਾ, ਖਾਲਸੇ ਦਾ ਗੁਰਮੰਤ੍ਰ, ਗੁਰੂ ਦੁਆਰੇ ਅਤੇ ਸਰੋਵਰ (ਸ੍ਰੀ ਅੰਮ੍ਰਿਤਸਰ ਜੀ), ਕੀਰਤਨ ਤੇ ਕਥਾ, ਗੁਰੂ ਬਾਣੀ ਦੀ ਕਾਵਿ-ਕਲਾ, ਸ਼ੈਲੀ, ਸ਼ਬਦ-ਜੋੜ, ਰਾਗ-ਬੱਧ ਸੰਕਲਨ, ਗੁਰਮੁਖੀ ਲਿਪੀ, ਰਾਗ ਆਸਾ ਤੇ ਹੋਰ ਕਈ ਰਾਗ, ਸ਼ਬਦ ਗਾਇਨ ਦੀ ਵਿਧੀ (ਜਿਹਾ ਕਿ ਪੜਤਾਲ), ਗੁਰਮੰਤ੍ਰ ਦ੍ਰਿੜ੍ਹਾਉਣ ਦਾ ਢੰਗ (ਅੰਮ੍ਰਿਤ ਸਿੰਚਾਰ), ਅਤੇ ਕੜਾਹ ਪ੍ਰਸ਼ਾਦਿ, ਸਭ ਵਿਲੱਖਣ ਹਨ। ਇਸੇ ਤਰ੍ਹਾਂ ਗੁਰੂ ਸਾਹਿਬ ਦਾ ਫ਼ਲਸਫ਼ਾ ਇਸਲਾਮ ਜਾਂ ਹਿੰਦੂ ਧਰਮ, ਕਿਸੇ ਇਕ ਜਾਂ ਦੋਹਾਂ ਦੀ ਨਕਲ ਨਹੀਂ ਹੈ, ਬਲਕਿ ਦੋਹਾਂ ਨਾਲ ਮਿਲਦਾ ਜੁਲਦਾ ਹੋਇਆ ਭੀ ਸੰਸਾਰ ਨੂੰ ਨਵੀਂ ਸੇਧ ਦੇ ਰਿਹਾ ਹੈ।



www.AKJ.Org

ਇਹ ਤੁਹਾਡੇ ਬਾਬਿਆਂ ਦੀ ਹੀ ਖੇਡ ਹੈ ਲੈਕਚਰਾਂ ਵਿਚ ਕਦੇ ਗੁਰੂ ਬਾਣੀ ਦੀਆਂ ਤੁਕਾਂ ਸੁਣਾ ਦਿਤੀਆਂ, ਕਦੇ ਕੁਰਾਨ ਸ਼ਰੀਫ਼ ਦੀਆਂ ਆਇਤਾਂ ਰਟ ਕੇ ਬੋਲ ਦਿਤੀਆਂ ਤੇ ਕਦੇ ਗੀਤਾ ਦਾ ਸ਼ਲੋਕ; ਅਤੇ ਆਪਣੇ ਆਪ ਨੂੰ ਗੁਰੂ ਬਣਾ ਲਿਆ।

ਆਪਿ ਨ ਦੇਹਿ ਚੁਰੂ ਭਰ ਪਾਨੀ ॥
ਤਿਹ ਨਿੰਦਹਿ ਜਿਹ ਗੰਗਾ ਆਨੀ ॥੨॥
[ਗਉੜੀ ਚੇਤੀ ਕਬੀਰ ਜੀ, ਪੰਨਾ ੩੩੨

ਬਜ਼ੁਰਗ :—ਬਾਬਾ ਗੁਰਬਚਨ ਸਿੰਘ ਜੀ ਕੇਵਲ ਗੰਗਾ ਹੀ ਨਹੀਂ, ਬਲਕਿ ਮਾਨ ਸਰੋਵਰ ਹਨ, ਜੋ ਅਜ ਕਲੂ ਅੰਧਕਾਰ ਦੇ ਸਮੇਂ ਲੋਕਾਂ ਨੂੰ ਗਿਆਨ ਬਖਸ਼ਦੇ ਹਨ ਤੇ ਪ੍ਰਮਾਤਮਾ ਦੇ ਦਰਸ਼ਨ ਕਰਵਾਉਂਦੇ ਹਨ।

ਮੈਂ:—ਅਜਿਹੇ ਢੰਡੋਰਾ ਪਿਟਣ ਵਾਲਿਆਂ ਲਈ ਬਾਣੀ ਦਾ ਫ਼ੁਰਮਾਨ ਹੈ—

ਕਾਂਇ ਰੇ ਬਕਬਾਦੁ ਲਾਇਓ ॥
ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥੧॥
ਰਹਾਉ॥(੨॥੧) [ਟੋਡੀ ਨਾਮਦੇਉ ਜੀ, ਪੰਨਾ ੭੧੮

ਕਹੁ ਕਬੀਰ ਛੂਛਾ ਘਟੁ ਬੋਲੈ ॥
ਭਰਿਆ ਹੋਇ ਸੁ ਕਬਹੁ ਨ ਡੋਲੈ ॥੪॥੧॥
[ਗੋਂਡ ਕਬੀਰ ਜੀ, ਪੰਨਾ ੮੭੦

ਬਜ਼ੁਰਗ :—ਤੁਸੀਂ ਆਪ ਅਜ਼ਮਾ ਕੇ ਦੇਖ ਲਵੋ।

ਮੈਂ:—ਕੀ ਤੁਸੀਂ ਦਰਸ਼ਨ ਕਰ ਲਏ ਹਨ ?

ਬਜ਼ੁਰਗ:—ਬਾਬਾ ਜੀ ਦੀ ਕਿਰਪਾ ਹੈ, ਉਹਨਾਂ ਨੇ ਸਾਖਿਆ ਦਰਸ਼ਨ ਕਰਵਾਏ।

ਮੈਂ:—ਨਿਰੰਕਾਰ ਦੇ ਦਰਸ਼ਨ ਇਹਨਾਂ ਸਥੂਲ ਅੱਖਾਂ ਨਾਲ ?

ਬਜ਼ੁਰਗ:—ਹਾਂ ਜੀ ! ਤੁਸੀਂ ਕਿਥੇ ਭੁਲੇ ਪਏ ਓ।

ਮੈਂ:—ਇਹ ਆਪ ਦੀ ਫੜ ਤੇ ਕਪੋਲ ਕਿਰਿਆ ਹੀ ਹੈ। ਨਿਰੰਕਾਰ ਦਾ ਭਾਵ ਹੈ ਉਹ ਹਸਤੀ ਜਿਸ ਦਾ ਕੋਈ ਸਥੂਲ ਅਕਾਰ ਨਹੀਂ। ਤੇ ਜਿਸ ਦਾ ਕੋਈ ਸਥੂਲ ਅਕਾਰ ਨਹੀਂ ਉਹ ਇਹਨਾਂ ਸਥੂਲ ਅਖਾਂ ਦੇ ਦਰਸ਼ਨ ਦਾ ਵਿਸ਼ਾ ਨਹੀਂ। ਇਸ ਅਨੁਸਾਰ ਤਾਂ ਆਪ ਦੀ ਕੂੜੀ ਠੀਸ ਮਨਤਕ ਤੇ ਪੂਰੀ ਨਹੀਂ ਉਤਰੀ। ਲੋਕਾ ਨੂੰ ਭੁਚਲਾਉਣ ਲਈ ਢਕਵੰਜ ਹੀ ਜਾਪਦਾ ਹੈ।

ਬਜ਼ੁਰਗ :—ਤੁਸੀਂ ਲੋਕ ਗੁਰੂ ਦੀ ਬਨਾਉਟੀ ਮੂਰਤ ਦਾ ਧਿਆਨ ਧਰਦੇ ਹੋ। ਸਾਡੇ ਨਿਰੰਕਾਰੀ ਬਾਬਾ ਜੀ ਦੇਹ ਕਰਕੇ ਪਰਤੱਖ ਵਿਚਰਦੇ ਹਨ।

ਮੈ :—ਅਛਾ ਤਾਂ ਫਿਰ ਤੁਹਾਡਾ ਨਿਰੰਕਾਰ ਬਾਬਾ ਗੁਰਬਚਨ ਸਿੰਘ ਹੀ ਹੈ।

ਬਜ਼ੁਰਗ :—ਹਾਂ ਬਾਬਾ ਜੀ ਪਰਤੱਖ ਨਿਰੰਕਾਰ ਹਨ। ਤੁਸੀਂ ਮੂਰਤੀ-ਪੂਜ ਹੋ। ਬਾਣੀ ਵਿਚ ਲਿਖਿਆ ਹੈ

ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥

ਮੈ :—ਗੁਰਬਾਣੀ ਦਾ ਉਪਦੇਸ਼ ਇਉਂ ਹੈ :—

ਗੁਰ ਕੀ ਮੂਰਤਿ ਮਨ ਮਾਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥
ਗੁਰ ਪਾਰਬ੍ਰਹਮੁ ਸਦਾ ਨਮਸਕਾਰਉ ॥੧॥
(੪।੫।੭) ਗੋਂਡ ਮ: ੫, ਪੰਨਾ ੮੬੪

ਤੁਸੀਂ ਇਨ੍ਹਾਂ ਤੁਕਾਂ ਦੇ ਕੀ ਅਰਥ ਸਮਝਦੇ ਹੋ ?

ਬਜ਼ੁਰਗ :—ਜੀ ਅਰਥ ਤਾਂ ਸਿਧੇ ਹੀ ਹਨ। ਗੁਰੂ ਦੀ ਮੂਰਤੀ ਦਾ ਮਨ ਵਿਚ ਧਿਆਨ ਧਾਰੋ।

ਮੈਂ :—ਜੀ ਕਿਹੜੀ ਮੂਰਤੀ ਦਾ ?

ਬਜ਼ੁਰਗ :—ਜੇ ਗੁਰੂ ਹਾਜ਼ਰ ਹੋਵੇ ਤਾਂ ਗੁਰੂ ਦੇ ਸਰੀਰ ਦਾ, ਤੇ ਹਾਜ਼ਰ ਨਾ ਹੋਵੇ ਤਾਂ ਜਾਂ ਕੋਈ ਫ਼ੋਟੋ ਅਗੇ ਰਖ ਲਵੋ, ਜਾਂ ਕੇਵਲ ਸੁਰਤਿ ਰਾਹੀਂ ਗੁਰੂ ਦੇ ਦਰਸ਼ਨ ਕਰੋ।

ਮੈਂ :—ਕੀ ਦਸ ਸਕਦੇ ਹੋ ਇਹ ਸ਼ਬਦ ਕਿਸ ਗੁਰੂ ਸਾਹਿਬ ਦਾ ਹੈ ?

ਬਜ਼ੁਰਗ :—ਜੀ ਪਤਾ ਨਹੀਂ।

ਮੈਂ :—ਸ਼ਬਦ ਗੋਂਡ ਮ: ੫ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਦਾ ਹੈ। ਜੇ ਤੁਹਾਡੇ ਵਾਲੀ ਮੂਰਤਿ ਦੇ ਅਰਥ ਸਹੀ ਹੁੰਦੇ ਤਾਂ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਗੁਰੂ ਰਾਮਦਾਸ ਮਹਾਰਾਜ ਜਾਂ ਕਿਸੇ



www.AKJ.Org

ਹੋਰ ਆਦਿ ਗੁਰੂ ਸਾਹਿਬ ਦੀ ਮੂਰਤੀ ਦਰਬਾਰ ਸਾਹਿਬ ਵਿਚ ਰਖਦੇ । ਪਰ ਸ੍ਰੀ ਗੁਰੂ ਜੀ ਨੇ ਐਸਾ ਨਹੀਂ ਕੀਤਾ, ਬਲਕਿ ਗੁਰੂ ਬਾਣੀ ਦਾ ਪ੍ਰਕਾਸ਼ ਕੀਤਾ ਤੇ ਜੋ ਸਤਿਕਾਰ ਅਜ ਕਲ੍ਹ ਸਿਖ ਕਰ ਰਹੇ ਹਨ, ਇਸ ਤੋਂ ਵਧ ਸਤਿਕਾਰ ਕਰ ਕੇ ਵਿਖਾਇਆ । ਤੁਸੀਂ ਚੰਗੇ ਨਿਰੰਕਾਰੀ ਮਿਸ਼ਨ ਦੇ ਪ੍ਰਚਾਰਕ ਹੋ ! ਉਪਰੋਂ ਕਹਿੰਦੇ ਹੋ ਕਿ ਇਕ ਨਿਰੰਕਾਰ ਨੂੰ ਪੂਜੋ, ਪਰ ਅੰਦਰੋਂ ਕਹਿੰਦੇ ਹੋ ਕਿ ਫੋਟੋਆਂ ਦਾ ਧਿਆਨ ਧਰੋ । ਫੋਟੋ ਤੇ ਬੁੱਤ ਵਿਚ ਕੀ ਫ਼ਰਕ ਹੈ ? ਕਦੇ ਤੁਸੀਂ ਕਹਿੰਦੇ ਹੋ ਕਿ ਅਸੀਂ ਅਸਲੀ ਅਰਥਾਂ ਵਿਚ ਗੁਰੂ ਨਾਨਕ ਦੇ ਮਿਸ਼ਨ ਦਾ ਪ੍ਰਚਾਰ ਕਰਦੇ ਹਾਂ, ਪਰ ਗੁਰੂ ਸਾਹਿਬ ਨੇ ਬਾਰ ਬਾਰ ਗੁਰੂ ਬਾਣੀ ਰਾਹੀਂ ਬੁੱਤ ਪੂਜਣ ਨੂੰ ਬੇਅਰਥ ਦਸਿਆ ਹੈ ।

ਤਾਂਹੀ ਕੋ ਧ੍ਯਾਨ ਪ੍ਰਮਾਨਿ ਹੀਏ
ਜੋ ਥੇ ਅਬ ਹੈ ਅਰੁ ਆਗੈ ਊ ਹ੍ਵੈ ਹੈ ॥੧੯॥
[ਪਾ: ੧੦—੩੩ ਸਵੈਯੇ

ਅਕਾਲ ਮੂਰਤਿ ਰਿਦੈ ਧਿਆਇਦਾ
ਦਿਨੁ ਰੈਨਿ ਜਪੰਥਾ...॥੨੦॥
[ਵਾਰ ਮਾਰੂ ਮ: ੫, ਪੰਨਾ ੧੧੦੧

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥
ਨਾਰਦਿ ਕਹਿਆ ਸਿ ਪੂਜ ਕਰਾਂਹੀ ।
ਅੰਧੇ ਗੁੰਗੇ ਅੰਧ ਅੰਧਾਰੁ ॥
ਪਾਥਰੁ ਲੇ ਪੂਜਹਿ ਮੁਗਧ ਗਵਾਰ ॥
ਓਹਿ ਜਾ ਆਪਿ ਡੁਬੇ ਤੁਮ ਕਹਾਂ ਤਾਰਣਹਾਰੁ ।੨॥
(੨੦)ਮ: ੧, ਬਿਹਾਗੜੇ ਕੀ ਵਾਰ,ਪੰਨਾ ੫੫੬

ਖ਼ੈਰ ਅਗਲੀ ਤੁਕ ਦਾ ਅਰਥ ਦਸੋ ।

ਬਜ਼ੁਰਗ:—ਅਗਲੀ ਤੁਕ ਦੇ ਅਰਥ ਹਨ ਗੁਰੂ ਦੇ ਸ਼ਬਦ ਨੂੰ ਸੁਣ ਕੇ ਮੁਗਧ ਮਨ ਮੰਨ ਜਾਂਦਾ ਹੈ, ਭਾਵ ਵਸ ਵਿਚ ਆ ਜਾਂਦਾ ਹੈ ।

ਮੈਂ—ਇਸ ਤੋਂ ਅਗਲੀ ਤੁਕ ਦੀ ਭੀ ਕਿਰਪਾ ਕਰੋ ।

ਬਜ਼ੁਰਗ:—ਜੀ ਅਰਥ ਸਾਫ਼ ਹੀ ਹਨ ਗੁਰੂ ਦੇ ਚਰਨਾਂ ਦਾ ਧਿਆਨ ਧਰੋ, ਭਾਵ ਬਹੁਤਾ ਜ਼ਿਆਦਾ ਪ੍ਰੇਮ ਕਰੋ ।

ਮੈਂ—ਜਿਸ ਤਰ੍ਹਾਂ ਪਹਿਲਾਂ ਅਰਥ ਕੀਤੇ ਹਨ ਉਸੇ ਤਰ੍ਹਾਂ ਸਾਫ਼ ਸਾਫ਼ ਅਰਥ ਕਰੋ । ਹਿਰਦਾ ਛਾਤੀ ਦੇ ਅੰਦਰ ਹੁੰਦਾ ਹੈ । ਗੁਰਬਾਣੀ ਦੀ ਤੁਕ ਕਹਿ ਰਹੀ ਹੈ, "ਗੁਰ ਕੇ ਚਰਨ ਰਿਦੈ ਲੈ ਧਾਰਉ" ॥ ਕੀ ਤੁਸੀਂ ਆਪਣਿਆਂ ਬਾਬਿਆਂ ਦੇ ਚਰਨ ਮੂੰਹ ਰਹੀਂ ਨਿਗਲ ਕੇ ਕਦੇ ਆਪਣੇ ਹਿਰਦੇ ਉਪਰ ਟਿਕਾਏ ਹਨ ? ਜਾਂ ਰਖ ਸਕਦੇ ਹੋ ? ਜਾਂ ਵੈਸੇ ਕੀ ਪੈਰ ਫੜ ਕੇ ਛਾਤੀ ਉਪਰ ਰਖੇ ਹਨ ? ਜਾਂ ਤੁਹਾਡੇ ਬਾਬਾ ਜੀ ਆਪਣੇ ਸੇਵਕਾਂ ਦੀ ਛਾਤੀ ਤੇ ਪੈਰ ਰਖਦੇ ਹਨ ?

ਬਜ਼ੁਰਗ:—(ਇਕ-ਦਮ ਡੌਰ ਭੌਰ ਹੋ ਕੇ) ਫਿਰ ਤੁਸੀਂ ਅਰਥ ਕਰ ਕੇ ਦਸੋ, ਤੁਸੀਂ ਕੀ ਅਰਥ ਕਰੋਗੇ ?

ਮੈਂ:—ਬ੍ਰਹਮ ਗਿਆਨੀ ਤੁਸੀਂ ਹੋ, ਪ੍ਰਮਾਤਮਾ ਦੇ ਦਰਸ਼ ਤੁਹਾਨੂੰ ਹੋਏ ਹਨ । ਤ੍ਰੈਕਾਲ ਦਰਸੀ ਤੁਸੀਂ ਹੋ ਤੇ ਅਰਥ ਤੁਸੀਂ ਮੇਰੇ ਕੋਲੋਂ ਪੁਛਦੇ ਹੋ । ਮੈਂ ਗੁਰਬਾਣੀ ਦੇ ਕੀ ਅਰਥ ਕਰਨੇ ਹਨ ਤੇ ਕੀ ਕਰ ਸਕਦਾ ਹਾਂ । ਗੁਰੂ ਬਾਣੀ ਦੇ ਅਰਥ ਗੁਰੂ ਬਾਣੀ ਵਿਚ ਹੀ ਲੁਪਤ ਹਨ । ਇਸੇ ਲਈ ਇਹ ਬਾਣੀ ਗੁਰੂ ਹੈ ਕਿ ਜਿੰਨਾ ਪ੍ਰੇਮ ਤੇ ਸ਼ਰਧਾ ਨਾਲ ਕੋਈ ਇਸ ਬਾਣੀ ਨੂੰ ਪੜ੍ਹੇਗਾ, ਗਾਵੇਗਾ ਉਨਾ ਹੀ ਚਾਨਣ ਹਾਸਲ ਕਰੇਗਾ ।

ਪਹਿਲੀ ਤੁਕ ਦੀ ਅਰਥ-ਵਿਆਖਿਆ ਭਾ: ਗੁਰਦਾਸ ਜੀ ਦੀ ਹੇਠ ਲਿਖੀ ਪੰਗਤੀ ਤੋਂ ਸਪੱਸ਼ਟ ਹੈ :—

ਗੁਰ ਮੂਰਤਿ ਗੁਰ ਸਬਦ ਹੈ
ਸਾਧ ਸੰਗਤਿ ਵਿਚਿ ਪਰਗਟੀ ਆਇਆ ।
[ਭਾਈ ਗੁਰਦਾਸ ਜੀ, ਵਾਰ ੨੪, ਪਉੜੀ ੨੫

ਸੋ ਗੁਰੂ ਦੀ ਮੂਰਤਿ ਗੁਰੂ ਦਾ ਸ਼ਬਦ ਹੈ, ਜਿਸ ਦਾ ਮਨ ਵਿਚ ਧਿਆਨ ਧਾਰਨ ਦਾ ਉਪਦੇਸ਼ ਹੈ । ਗੁਰੂ-ਸ਼ਬਦ ਨੂੰ ਸੁਰਤੀ ਵਿਚ ਟਿਕਾ ਲੈਣਾ ਗੁਰੂ ਮੂਰਤਿ ਦਾ ਧਿਆਨ ਕਰਨਾ ਹੈ । ਗੁਰੂ ਦੇ ਸ਼ਬਦ ਦੁਆਰਾ ਹੀ ਮਨ ਵਸ ਆਉਂਦਾ ਹੈ । ਗੁਰੂ-ਸ਼ਬਦ ਹੀ ਗੁਰੂ ਕੇ ਚਰਨ ਅਥਵਾ ਸਮੁੱਚੀ ਗੁਰੂ-ਹਸਤੀ ਹੈ ਤੇ ਗੁਰੂ ਕੇ



www.AKJ.Org

ਚਰਨ ਹਿਰਦੇ ਵਿਚ ਧਾਰਨ ਕਰਨ ਤੋਂ ਭਾਵ ਗੁਰੂ-ਸ਼ਬਦ ਨੂੰ ਹਿਰਦੇ ਵਿਚ ਵਸਾਉਣ ਤੋਂ ਹੈ, ਤੇ ਇਹ ਹੀ ਸਹੀ ਤਰੀਕਾ ਹੈ ਗੁਰੂ ਨੂੰ ਨਮਸ਼ਕਾਰ ਕਰਨ ਅਥਵਾ ਗੁਰੂ ਦੇ ਸਤਿਕਾਰ ਕਰਨ ਦਾ। ਗੁਰਵਾਕ –

ਹਿਰਦੈ ਚਰਣ ਸਬਦੁ ਸਤਿਗੁਰ ਕੋ
ਨਾਨਕ ਬਾਂਧਿਓ ਪਾਲ ॥੨॥੭॥੩੮॥

[ਧਨਾਸਰੀ ਮ: ੫, ਪੰਨਾ ੬੮੦

ਇਸ ਲਈ ਆਪਣੇ ਹਿਰਦੇ ਵਿਚ ਗੁਰ-ਸ਼ਬਦ ਰਾਹੀਂ ਪ੍ਰਭੂ ਦੀ ਮਿੱਠੀ ਯਾਦ ਵਸਾਵਾਂ। ਤਾਂਤੇ ਐਸੇ ਗਿਆਨ ਦੇਣਹਾਰ ਪਾਰਬ੍ਰਹਮ ਰੂਪ ਗੁਰੂ ਨੂੰ ਸਤਿਕਾਰ ਨਾਲ ਨਮਸ਼ਕਾਰ ਕਰੀਏ। ਪਹਿਲੋਂ ਇਹ ਉਪਦੇਸ਼ ਗੁਰੂ ਸਾਹਿਬ ਖ਼ੁਦ ਦਿੰਦੇ ਸਨ, ਇਸ ਲਈ ਸੰਗਤ ਉਨ੍ਹਾਂ ਨੂੰ ਨਮਮਕਾਰ ਕਰਦੀ ਸੀ, ਹੁਣ ਉਹੀ ਗਿਆਨ ਸਤਿਗੁਰ ਜੀ ਦੀ ਆਦਿ ਜੁਗਾਦੀ ਆਤਮਕ ਜਯੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਮਿਲ ਰਿਹਾ ਹੈ, ਇਸ ਲਈ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਮਸਕਾਰ ਕਰਦੀ ਹੈ। ਨਾ ਇਹ ਬੁੱਤ-ਪੂਜਾ ਹੈ ਤੇ ਨਾ ਹੀ ਕਿਤਾਬ-ਪੂਜਾ ਹੈ।

ਖਰੀਆਂ ਖਰੀਆਂ ਗੱਲਾਂ ਸੁਣ ਕੇ ਬਜ਼ੁਰਗ ਆਪਣੇ ਮਿਸ਼ਨ ਵਿਚ ਅਸਫਲ ਹੁੰਦੇ ਜਾਣ, ਨਰਾਜ਼ਗੀ ਭਰੇ ਅੰਦਾਜ਼ ਵਿਚ ਜਾਣ ਲਗੇ ਸਨ ਕਿ ਮੈਂ ਫਿਰ ਰੋਕ ਲਿਆ ਤੇ ਬੇਨਤੀ ਕੀਤੀ ਕਿ ਇਸ ਵੇਲੇ ਅਨੇਕਾਂ ਮਨਚਲੇ ਖ਼ੁਦ-ਸਾਖ਼ਤਾ ਗੁਰ ਬਣੇ ਹੋਏ ਹਨ, ਕਿਉਂ ਨਹੀਂ ਤੁਸੀਂ ਆਪਣੇ ਬਾਬਿਆਂ ਨੂੰ ਕਹਿੰਦੇ ਕਿ ਸਾਰਿਆਂ ਅਖੌਤੀ ਗੁਰੂਆਂ ਦੀ ਇਕ ਸਭਾ ਬੁਲਾ ਕੇ ਆਪਸ ਵਿਚ ਪਹਿਲਾਂ ਫ਼ੈਸਲਾ ਕਰ ਲੈਣ ਕਿ ਇਹਨਾਂ ਸਾਰਿਆਂ ਵਿਚੋਂ ਕਿਹੜਾ ਗੁਰੂ ਹੈ। ਤੇ ਜੇ ਸਾਰੇ ਹੀ ਇਕ ਦੂਸਰੇ ਤੋਂ ਸਵਾ ਸੇਰ ਕਹਾਉਣ ਵਾਲੇ ਹੋਵਣ ਤਾਂ ਘਟ ਤੋਂ ਘਟ ਕੋਈ ਸੁਲਾਹਨਾਮਾ ਹੀ ਕਰ ਲੈਣ ਕਿ ਇਸ ਮਹੀਨੇ ਜਾਂ ਇਸ ਹਫ਼ਤੇ ਫ਼ਲਾਣਾ ਗੁਰੂ ਹੋਵੇਗਾ ਤੇ ਅਗਲੇ ਹਫ਼ਤੇ ਫਲਾਣਾ ਹੋਵੇਗਾ, ਤਾਂਕਿ ਜਨਤਾ ਨੂੰ ਭੀ ਗੁਰੂ ਢੂੰਡਣ ਵਿਚ ਖੇਚਲ ਨ ਹੋਵੇ ਤੇ ਬਾਬਿਆਂ ਨੂੰ ਭੀ ਇਕ ਹਫ਼ਤੇ ਵਿਚ ਹੀ ਸਾਰੇ ਸਾਲ ਦੀ ਆਮਦਨ ਆ ਜਾਵੇ ਤੇ ਬਾਕੀ ਸਾਰਾ ਸਾਲ ਆਰਾਮ ਨਾਲ ਮਾਸ, ਸ਼ਰਾਬ ਤੇ ਹੋਰ ਮਨ-ਭਾਉਂਦੀਆਂ ਚੀਜ਼ਾਂ ਭੋਗ ਸਕਣ। ਕਿਉਂਕਿ ਬਾਬਿਆਂ ਦੇ ਉਪਦੇਸ਼ ਅਨੁਸਾਰ ਇਨ੍ਹਾਂ ਚੀਜ਼ਾਂ ਦਾ ਮਨ ਨਾਲ ਕੋਈ ਸੰਬੰਧ ਨਹੀਂ ਹੈ।

———

ਪਾਠਕ ਜੀ! ਇਹ ਹੈ ਆਤਮਕ ਗਿਆਨ ਦੀ ਸੀਮਾ ਨਕਲੀ ਨਿਰੰਕਾਰੀ ਬਾਬਿਆ ਦੇ ਇਕ ਕਾਨਪੁਰ ਵਰਗੇ ਵਡੇ ਸ਼ਹਿਰ ਦੇ ਪ੍ਰਮੁਖ ਪ੍ਰਚਾਰਕ ਦੀ। ਇਸ ਤੋਂ ਭਲੀ ਭਾਂਤ ਹੀ ਤੁਸੀਂ ਬਾਬਿਆਂ ਦੇ ਗਿਆਨ ਦਾ ਅੰਦਾਜ਼ਾ ਲਗਾ ਸਕਦੇ ਹੋ। ਜਦੋਂ ਮੁਗ਼ਲੀਆ ਹਕੂਮਤ ਵਿਚ ਸਿਖਾਂ ਦੇ ਸਿਰਾਂ ਦੇ ਮੁੱਲ ਲਈ ਫ਼ੁਰਮਾਨ ਜਾਰੀ ਹੋਏ, ਪੱਤਾ ਪੱਤਾ ਸਿਖਾਂ ਦਾ ਵੈਰੀ ਸੀ, ਆਪਣੇ ਆਪ ਨੂੰ ਸਿਖ ਅਖਵਾਣਾ ਮੌਤ ਨੂੰ ਸੱਦਾ ਦੇਣਾ ਸੀ ਉਦੋਂ ਕੋਈ ਗੁਰੂ ਪ੍ਰਗਟ ਨਹੀਂ ਹੋਇਆ। ਨਾਦਰ ਤੇ ਅਬਦਾਲੀ ਦੀਆਂ ਤੇਗਾਂ ਕੇਵਲ ਗੁਰੂ ਗ੍ਰੰਥ ਪੰਥ ਨੇ ਹੀ ਝਲੀਆਂ। ਪਰ ਅਜ ਜਦ ਸੁਖ ਆਰਾਮ ਦਾ ਸਮਾਂ ਆਇਆ ਹੈ, ਏਅਰ ਕੰਡੀਸ਼ਨਡ ਕਾਰਾਂ ਉਪਲਬਧ ਹਨ ਤਾਂ ਭਾਦੋਂ ਦੀਆਂ ਖੁੰਬਾਂ ਵਾਂਗ ਹਰ ਥਾਂ ਗੁਰੂ, ਬਾਬੇ ਤੇ ਸੰਤ ਪ੍ਰਗਟ ਹੋ ਗਏ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪਿਛੋਂ, ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵੇਲੇ ਨਾ ਕੋਈ ਗੁਰੂ ਅਗੇ ਹੋਇਆ ਤੇ ਨਾ ਹੀ ਦੇਹਧਾਰੀ ਗੁਰੂਆਂ ਦਾ ਕੋਈ ਚੇਲਾ। ਫਾਂਸੀਆਂ ਨੂੰ ਚੁੰਮਣ ਵਾਲੇ, ਗੋਲੀਆਂ ਖਾਣ ਵਾਲੇ ਤੇ ਉਮਰ-ਕੈਦਾਂ ਕਟਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਕਲਗੀਧਰ ਮਹਾਰਾਜ ਦੇ ਖਾਲਸੇ ਹੀ ਪਰਖ ਵਿਚ ਪੂਰੇ ਉਤਰੇ।

ਰਾਜ ਦਾ ਨਸ਼ਾ ਤੇ ਜੁਆਨੀ ਦਾ ਨਸ਼ਾ ਹਮੇਸ਼ਾ ਬੰਦੇ ਨੂੰ ਆਪਣੇ ਅਸੂਲਾਂ ਤੋਂ ਡੇਗ ਦਿੰਦਾ ਹੈ। ਇਸੇ ਲਈ ਸੰਸਾਰ ਵਿਚ ਕਦੇ ਭੀ ਕਿਸੇ ਧਾਰਮਕ ਆਗੂ ਦੀ ਕਿਸੇ ਦੇਸ਼ ਦੀ ਰਾਜਸੀ ਤਾਕਤ ਨਾਲ ਨਹੀਂ ਬਣੀ। ਅਨਗਿਣਤ ਧਰਮ-ਪੁਰਸ਼ ਇਸੇ ਲਈ ਰਾਜਸੀ ਤਾਕਤ ਦੀ ਕ੍ਰੋਪੀ ਦਾ ਸ਼ਿਕਾਰ ਹੋਏ, ਪਰ



www.AKJ.Org

ਆਪਣੇ ਨਿਯਮ ਤੇ ਆਤਮਕ ਸੇਧ ਤੇ ਅਟੱਲ ਰਹੇ। ਜਦੋਂ ਹਾਕਮ ਦੇ ਪ੍ਰਤਿਕੂਲ ਇਕ ਅਖਰ ਹੀ ਤਲਵਾਰ ਦੀ ਧਾਰ ਚਖਾ ਸਕਣ ਲਈ ਕਾਫ਼ੀ ਸੀ, ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਬਬਰ ਸ਼ੇਰ ਵਾਂਗ ਗਰਜੇ "ਬਾਬਰ ਤੂੰ ਜਾਬਰ"। ਪਰ ਜਦ ਜ਼ਬਰ ਦਾ ਬੋਲ-ਬਾਲਾ ਸੀ ਤੇ ਗਰੀਬ ਜਨਤਾ ਮਨੁਖੀ ਅਧਿਕਾਰਾਂ ਤੋਂ ਵਾਂਜੀ ਹੋ ਗਈ ਸੀ, ਇਨ੍ਹਾਂ ਦੇਹ-ਧਾਰੀ ਗੁਰੂਆਂ 'ਚੋਂ ਕਿਸੇ ਇਕ ਦੀ ਚੁਸਕਣ ਤਕ ਦੀ ਹਿੰਮਤ ਨਹੀਂ ਪਈ। ੧੯ ਮਹੀਨੇ ਦੇ ਕੇਵਲ 'ਐਮਰਜੈਂਸੀ' ਦੇ ਐਲਾਨ ਨੇ ਹੀ ਸਭ ਪਾਖੰਡੀ ਗੁਰੂਆਂ ਦੇ ਪਰਖਚੇ ਉੜਾ ਦਿਤੇ ਸਨ, ਤਾਂ ਉਸ ਵੇਲੇ ਭੀ ਪੂਰੇ ਭਾਰਤ ਵਰਸ਼ ਵਿਚੋਂ ਕੇਵਲ ਗੁਰੂ ਕਾ ਖਾਲਸਾ ਹੀ ਨਿਤਰਿਆ।

ਸਰਕਾਰੀ ਪੈਸੇ ਤੇ ਪਲਣ ਵਾਲੇ ਤੇ ਸਰਕਾਰੀ ਮਸ਼ੀਨਰੀ ਦਾ ਪ੍ਰਯੋਗ ਕਰ ਕੇ ਆਪਣੀਆਂ ਗਦੀਆਂ ਕਾਇਮ ਰਖਣ ਵਾਲੇ ਸਾਧ ਸੰਤ ਜਾਂ ਬਾਬੇ ਭਲਾ ਕਦੋਂ ਆਪਣਿਆਂ ਪ੍ਰਤਿਪਾਲਕਾਂ ਦੇ ਖਿਲਾਫ਼ ਕੁਝ ਕਹਿ ਸਕਦੇ ਹਨ। ਇਸੇ ਲਈ ਇਨਸਾਨੀਅਤ ਦੇ ਖ਼ੂਨ ਨਾਲ ਨ੍ਹਾਉਣ ਵਾਲੇ ਨਕਲੀ ਨਿਰੰਕਾਰੀਆਂ ਬਾਰੇ ਕੇਂਦਰੀ ਸਰਕਾਰ ਦੇ ਮਾਲਕਾਂ ਦੇ ਮੂੰਹ ਉਤੇ ਤਾਲੇ ਲਗੇ ਹੋਏ ਹਨ।

ਗੁਰੂ ਨਾਨਕ ਸੱਚੇ ਪਾਤਸ਼ਾਹ ਦੀ ਇਕ ਇਕ ਭਬਕਾਰ, ਤੇ ਆਤਮਕ ਉਪਦੇਸ਼ ਨੇ ਹੀ ਬਾਬਰ ਨੂੰ ਅੱਗ ਤੇ ਆਮ ਜਨਤਾ ਤੇ ਕਤਲੇ-ਆਮ ਤੋਂ ਤੋਬਾ ਕਰਨ ਲਈ ਮਜਬੂਰ ਕਰ ਦਿਤਾ। ਤੇ ਜੇ ਭੁਲ ਕੇ ਫਿਰ ਕੀਤੀ ਭੀ ਤਾਂ ਸੱਚੇ ਪਾਤਸ਼ਾਹ ਦੇ ਕੇਵਲ ਇਕੋ ਸਿਖ ਭਾਈ ਤਾਰਾ ਪੋਪਟ ਨੇ ਬਾਬਰ ਨੂੰ ਤੋਬਾ ਯਾਦ ਕਰਵਾ ਕੇ ਲਾਹੌਰ ਸ਼ਹਿਰ ਨੂੰ ਬਾਬਰ ਦੇ ਕ੍ਰੋਪ ਤੋਂ ਬਚਾ ਲਿਆ।

ਅਜ ਸੈਂਕੜੇ ਨਹੀਂ, ਹਜ਼ਾਰਾਂ ਦੀ ਗਿਣਤੀ ਵਿਚ ਭਾਰਤ ਵਿਚ ਪਾਖੰਡੀ ਗੁਰੂ ਹੋਣ ਦੇ ਬਾਵਜੂਦ ਭੀ, ਭਾਰਤ ਦੀ ਜਨਤਾ ਜਦ ਬੇਰੁਜ਼ਗਾਰੀ, ਗਰੀਬੀ, ਕੀਮਤਾਂ ਵਿਚ ਵਾਧੇ, ਨਸ਼ਿਆਂ ਦੀ ਵਧੀਕੀ, ਅਤੇ ਤਿੰਨਾਂ ਰੋਗਾਂ ਦੇ ਹਥੋਂ ਸ੍ਰੀਰਕ ਤੇ ਮਾਨਸਕ ਪੀੜਾ ਨਾਲ ਕਰਾਹ ਰਹੀ ਹੈ, ਤਾਂ ਇਹ ਨਕਲੀ ਨਿਰੰਕਾਰੀ ਬਾਬਾ ਜੀ ਗਾਂ ਤੇ ਸੂਰ ਦਾ ਮਾਸ ਤੇ ਸ਼ਰਾਬ ਦੇ ਨਸ਼ੇ ਵਿਚ ਮਖ਼ਮੂਰ ਹੋਣ ਦਾ ਪ੍ਰਚਾਰ ਕਰ ਕੇ ਖਾਓ, ਪੀਓ ਤੇ ਰਜ ਕੇ ਭੋਗ ਭੋਗੋ ਦਾ ਪ੍ਰਚਾਰ ਕਰਕੇ ਜਨਤਾ ਦੀ ਆਚਰਣਕ ਪਖੋਂ ਤ੍ਰਟੀ ਚੌੜ ਕਰ ਰਹੇ ਹਨ।

ਪਿਆਰੇ ਪਾਠਕ ਜੀ, ਅੰਮ੍ਰਿਤਸਰ, ਕਾਨਪੁਰ ਤੇ ਦਿਲੀ ਵਰਗੇ ਸਾਕਿਆਂ ਤੋਂ ਪਿਛੋਂ ਕੇਵਲ ਦੀਵਾਨ ਸਜਾ ਕੇ ਕੀਰਨੇ ਪਾਈ ਜਾਣੇ, ਸਜੀਲੇ ਕੀਰਤਨ ਦਰਬਾਰ ਕਰ ਕੇ ਸ਼ਰਧਾਂਜਲੀਆਂ ਭੇਟ ਕਰੀ ਜਾਣੀਆਂ, ਇਸ ਆਸ ਵਿਚ ਕਿ ਕੋਈ ਹੋਰ ਤੁਹਾਡੀ ਮਦਦ ਕਰੇਗਾ, ਖਾਲਸਾ ਪੰਥ ਦੀ ਰਵਾਇਤ ਅਨੁਸਾਰ ਨਿਰੀ ਬੁਜ਼ਦਿਲੀ ਹੈ ਤੇ ਭਰਮ-ਭੁਲਾਵਾ ਹੈ। ਜੋ ਕਰਨਾ ਹੈ, ਅਸਾਂ ਆਪ ਕਰਨਾ ਹੈ। ਆਪਣਾ ਫਰਜ਼ ਪਹਿਚਾਨੀਏ। ਅੰਮ੍ਰਿਤ ਛਕੀਏ, ਤੇ ਅੰਮ੍ਰਿਤ ਛਕਣ ਵੇਲੇ ਜੋ ਉਪਦੇਸ਼ ਗੁਰੂ ਕੋਲੋਂ ਮਿਲੇ, ਉਸ ਦੀ ਮਨ ਬਚ ਕਰਮ ਕਰਕੇ ਜੀਵਨ ਵਿਚ ਕਮਾਈ ਕਰੀਏ। ਵਧ ਤੋਂ ਵਧ ਗੁਰਬਾਣੀ ਤੇ ਗੁਰ ਇਤਿਹਾਸ ਦਾ ਅਧਿਐਨ ਕਰੀਏ ਤੇ ਹੋਰ ਜਨਤਾ ਵਿਚ ਨਿਸ਼ਕਾਮ ਪ੍ਰਚਾਰ ਕਰੀਏ।

ਇਹ ਪਖੰਡੀਆਂ ਤੇ ਨਕਲੀਆਂ ਦੀ ਉਪਜ ਸਾਡੀ ਅਣਗਹਿਲੀ ਤੇ ਅਵੇਸਲੇ-ਪਣ ਦਾ ਹੀ ਨਤੀਜਾ ਹੈ। ਹੁਣ ਲੋੜ ਹੈ ਆਪਣੇ ਫ਼ਰਜ਼ ਨੂੰ ਪਹਿਚਾਨਣ ਦੀ ਤੇ ਤੱਤਪਰ ਹੋ ਕੇ ਨਿਭਾਉਣ ਦੀ। ਆਓ! ਆਪਣੇ ਪਰਸਪਰ ਝਗੜੇ ਝਾਂਝੇ ਭੁਲਾ ਕੇ, ਚੌਧਰ ਦੀ ਭਾਵਨਾ ਦਾ ਤਿਆਗ ਕਰਕੇ ਖਾਲਸੇ ਦੀ ਚੜ੍ਹਦੀ ਕਲਾ ਲਈ ਉਪਰਾਲਾ ਕਰੀਏ! ਜੇ ਹੁਣ ਵੀ ਨਾ ਜਾਗੇ ਤਾਂ ਇਹ ਅੰਦਰੋ ਅੰਦਰੀ ਲਗਾ ਘੁਣ ਕੌਮ ਨੂੰ ਖਾ ਜਾਏਗਾ ਤੇ ਅਸੀਂ ਗੁਰੂ ਕੇ ਦੇਣਦਾਰ ਮੁਜਰਮ ਗਿਣੇ ਜਾਵਾਂਗੇ।

---

**ਪਾਠਕ ਜੀ**—ਆਪਣਾ ਚਿਟ ਨੰਬਰ ਨਾ ਭੁਲੋ। ਸਾਡੀ ਮਦਦ ਕਰੋ ਕੋਈ ਚਿਠੀ ਜਾਂ ਰਕਮ ਭੇਜਣ ਲਗਿਆਂ ਆਪਣਾ ਚਿਟ ਨੰਬਰ ਤੇ ਪੂਰਾ ਪਤਾ ਜ਼ਰੂਰ ਲਿਖੋ। ਅਸੀਂ ਹਰ ਪਰਚੇ ਤੇ ਐਡਰੈਸ ਤੋਂ ਪਹਿਲਾਂ ਚਿਟ ਨੰਬਰ ਲਿਖ ਕੇ ਤੁਹਾਨੂੰ ਭੇਜਦੇ ਹਾਂ।



www.AKJ.Org

# ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ

(ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ)

## ਕਾਰਕ (Cases) *(ਪਿਛੇ ਤੋਂ ਅਗੇ)*

ਵਾਕ ਵਿਚ ਆਏ ਨਾਵਾਂ ਦੇ ਕਾਰਕਾਂ ਦੀ ਪਛਾਣ ਲਈ ਦਿਤੀ ਵਾਰਤਕ ਉਦਾਹਰਣ ਅਤੇ ਮੁਹਾਰਨੀ ( Drill ) ਨੂੰ ਸਮਝ ਲੈਣਾ ਬਹੁਤ ਹਦ ਤਕ ਸਹਾਈ ਹੋ ਸਕਦਾ ਹੈ।

ਵਾਕ:-ਪ੍ਰੇਮੀ ਜਨੋ ! ਧੁਰ ਤੋਂ ਆਈ ਖਸਮ ਦੀ ਬਾਣੀ ਦੁਆਰਾ ਗੁਰੂ ਪਾਤਸ਼ਾਹ ਨੇ ਮਾਇਆ ਦੇ ਭਰਮ-ਜਾਲ ਵਿਚ ਫਸੇ ਜੀਵਾਂ ਦੇ ਭਰਮ-ਛੌੜ ਕਟ ਕੇ ਮੁਕਤ ਕਰ ਦਿਤਾ । ਇਹ ਬਾਣੀ ਮਨੁਖ-ਮਾਤ੍ਰ ਵਾਸਤੇ ਕਲਿਆਣ-ਕਾਰੀ ਹੈ।

| ਸਵਾਲ | ਉਤਰ | ਨਾਂਵ ਨਾਲ ਆਇਆ ਸੰਬੰਧਕੀ-ਪਦ | ਕਾਰਕ |
|---|---|---|---|
| ਕਿਸ ਨੇ (ਭਰਮ ਛੌੜ) ਕਟੇ ? | ਗੁਰੂ (ਪਾਤਸ਼ਾਹ) ਨੇ | ਨੇ | 'ਗੁਰੂ'—ਕਰਤਾ ਕਾਰਕ, ਪੁਲਿੰਗ, ਇਕ-ਵਚਨ |
| ਕੀ ਕਲਿਆਣ-ਕਾਰੀ ਹੈ ? | ਬਾਣੀ (ਵਾਕ ਦਾ ਦੂਜਾ ਭਾਗ) | ਸੰਬੰਧਕੀ ਪਦ ਕੋਈ ਨਹੀਂ । 'ਬਾਣੀ' ਬਾਰੇ ਚਰਚਾ ਹੈ । "ਹੈ" ਅਪੂਰਣ ਕਿਰਿਆ ਹੈ । | 'ਬਾਣੀ'—ਕਰਤਾ ਕਾਰਕ, ਇਸਤ੍ਰੀ ਲਿੰਗ, ਇਕ-ਵਚਨ । |
| ਕੀ ਕਟ ਦਿਤੇ ? | 'ਭਰਮ-ਛੌੜ' | ਸੰਬੰਧਕੀ ਪਦ ਕੋਈ ਨਹੀਂ । | 'ਭਰਮ-ਛੌੜ'—ਕਰਮ ਕਾਰਕ, ਪੁਲਿੰਗ, ਬਹੁ ਵਚਨ |
| ਕਿਸ ਦੀ ਰਾਹੀਂ ? ਕਿਸ ਦੁਆਰਾ ? ਕਿਸ ਨਾਲ ? | 'ਬਾਣੀ' ਦੁਆਰਾ | ਦੁਆਰਾ | 'ਬਾਣੀ'—ਕਰਣ ਕਾਰਕ, ਇਸਤ੍ਰੀ ਲਿੰਗ, ਇਕ-ਵਚਨ |
| ਕਿਸ ਵਾਸਤੇ (ਕਲਿਆਣ-ਕਾਰੀ) ਹੈ ? | 'ਮਨੁਖ-ਮਾਤ੍ਰ' ਵਾਸਤੇ | ਵਾਸਤੇ | 'ਮਨੁਖ-ਮਾਤ੍ਰ' ਸੰਪਰਦਾਨ ਕਾਰਕ, ਪੁਲਿੰਗ, ਇਕੱਠ ਵਾਚਕ |
| ਕਿਥੋਂ ਆਈ (ਬਾਣੀ) ? | 'ਧੁਰ' ਤੋਂ | ਤੋਂ | 'ਧੁਰ'—ਅਪਾਦਾਨ ਕਾਰਕ, ਪੁਲਿੰਗ, ਇਕ-ਵਚਨ |
| ਕਿਸ ਵਿਚ (ਕਿਥੇ) ਫਸੇ ? | 'ਭਰਮ-ਜਾਲ' ਵਿਚ | ਵਿਚ | ਭਰਮ-ਜਾਲ—ਅਧਿਕਰਣ ਕਾਰਕ, ਪੁਲਿੰਗ, ਇਕ-ਵਚਨ |
| ਕਿਸ ਦੇ (ਭਰਮ-ਛੌੜ) ਕਟ ਦਿਤੇ ? | 'ਜੀਵਾਂ' ਦੇ | ਦੇ | 'ਜੀਵਾਂ'—ਸੰਬੰਧ ਕਾਰਕ, ਪੁਲਿੰਗ ਬਹੁ ਵਚਨ |
| ਕਿਸ ਦੇ (ਭਰਮ-ਜਾਲ) ਵਿਚ ਫਸੇ ? | 'ਮਾਇਆ' ਦੇ! | ਦੇ | 'ਮਾਇਆ'—ਸੰਬੰਧ ਕਾਰਕ, ਇਸਤ੍ਰੀ ਲਿੰਗ; ਇਕ-ਵਚਨ |
| ਪ੍ਰੇਮੀ ਜਨੋ ! | ਸੰਬੋਧਨ ਕੀਤਾ ਗਿਆ ਹੈ | — | 'ਪ੍ਰੇਮੀ ਜਨੋ' ਸੰਬੋਧਨ ਕਾਰਕ, ਪੁਲਿੰਗ, ਬਹੁ-ਵਚਨ |



www.AKJ.Org

## ਕਾਰਕਾਂ ਦੀ ਜਾਣ-ਪਛਾਣ ਕਰਨ ਸੰਬੰਧੀ ਮੁਹਾਰਨੀ ( Drill )

| ਕਾਰਕ ਦਾ ਸੰਖੇਪ ਵੇਰਵਾ | ਨਿਮਨ-ਲਿਖਤ ਪ੍ਰਸ਼ਨਾਂ ਦੀ ਖ਼ਾਲੀ ਥਾਵੇਂ ਵਾਕ ਦੀ ਕਿਰਿਆ ਭਰੋ ਜੀ। ਜੋ ਉਤਰ ਆਵੇ ਉਹ ਉਸ ਵਾਕ ਦਾ ਨਾਂਵ-ਕਾਰਕ ਹੋਵੇਗਾ। | ਕਾਰਕ | ਸੰਬੰਧਕੀ-ਪਦ |
|---|---|---|---|
| ਜਿਹੜਾ ਵਿਅਕਤੀ ਕੋਈ ਕੰਮ ਕਰੇ।<br>ਜਾਂ<br>ਜਿਸ ਵਿਅਕਤੀ ਜਾਂ ਵਸਤੂ ਬਾਰੇ ਚਰਚਾ ਕੀਤੀ ਹੋਵੇ। | ਕੌਣ, ਕਿਸ ਨੇ......?<br>ਕੌਣ, ਕਿਸਨੇ, ਕੀ...? | ਕਰਤਾ ਕਾਰਕ | 'ਨੇ'<br>ਅਤੇ<br>ਕਦੀ ਸੰਬੰਧਕੀ-ਪਦ ਤੋਂ ਬਗੈਰ। |
| ਜੋ ਕੰਮ ਕੀਤਾ ਜਾਵੇ | ਕੀ...? | ਕਰਮ ਕਾਰਕ | 'ਨੂੰ'<br>ਅਤੇ ਕਦੀ ਸੰਬੰਧਕੀ-ਪਦ ਤੋਂ ਬਗੈਰ। |
| ਜਿਸ ਵਿਅਕਤੀ ਜਾਂ ਵਸਤੂ ਦੁਆਰਾ ਜਾਂ ਜਿਸ ਸਾਧਨ ਦੁਆਰਾ ਕੰਮ ਕੀਤਾ ਜਾਵੇ। | ਕਿਸ ਦੁਆਰ......?<br>ਕਿਸ ਨਾਲ.. ...?<br>ਕਿਸ ਰਾਹੀਂ......? | ਕਰਣ ਕਾਰਕ | ਦੁਆਰਾ, ਨਾਲ, ਰਾਹੀਂ,<br>ਦੇ ਜ਼ਰੀਏ,<br>ਦੇ ਤੁਫ਼ੈਲ |
| ਜਿਸ ਵਿਅਕਤੀ ਜਾਂ ਵਸਤੂ ਲਈ ਕੁਝ ਕੀਤਾ ਜਾਵੇ। | ਕਿਸ ਵਾਸਤੇ......?<br>ਕਿਸ ਲਈ......?<br>ਕਿਸ ਨੂੰ.. ...? | ਸੰਪਰਦਾਨ ਕਾਰਕ | ਵਾਸਤੇ,<br>ਲਈ,<br>ਨੂੰ |
| ਜਿਸ ਵਿਅਕਤੀ, ਵਸਤੂ ਜਾਂ ਅਸਥਾਨ ਤੋਂ ਕੋਈ ਚੀਜ਼ ਲਈ ਜਾਂ ਵਖ ਕੀਤੀ ਜਾਵੇ। | ਕਿਸ ਤੋਂ.. ...?<br>ਕਿਥੋਂ.. ...? | ਅਪਾਦਾਨ ਕਾਰਕ | ਤੋਂ, ਥੋਂ<br>ਪਾਸੋਂ,<br>ਕੋਲੋਂ |
| ਜਿਥੇ ਕਿਰਿਆ ਵਾਪਰੇ। | ਕਿਥੇ......?<br>ਕਿਸ ਵਿਚ......?<br>ਕਿਸ ਉਤੇ......?<br>ਕਿਸ ਥਲੇ......? | ਅਧਿਕਰਣ ਕਾਰਕ | ਵਿਚ, ਉਤੇ,<br>ਥਲੇ,<br>ਅੰਦਰ, ਤਕ,<br>ਵਲ |
| ਜਿਥੇ ਦੋ ਨਾਵਾਂ ਦਾ ਪਰਸਪਰ ਸੰਬੰਧ ਹੋਵੇ। | ਕਿਸ ਦਾ......? | ਸੰਬੰਧ ਕਾਰਕ | ਦਾ, ਦੇ, ਦੀ,<br>ਕਾ, ਕੇ, ਕੀ |
| ਜਿਸਨੂੰ ਸ਼ੰਬੋਧਨ ਕਰਕੇ ਕੁਝ ਆਖਿਆ ਜਾਵੇ। | | ਸੰਬੋਧਨ ਕਾਰਕ | |



www.AKJ.Org

ਸੰਖੇਪ ਰੂਪ ਵਿਚ ਕਾਰਕਾਂ ਬਾਰੇ ਜਾਣ ਪਛਾਣ ਦਿਤੀ ਗਈ ਹੈ । ਵਿਸਥਾਰ ਸਹਿਤ ਵੇਰਵਾ ਅਗੇ ਚਲ ਕੇ ਇਕੱਲੇ ਇਕੱਲੇ ਕਾਰਕ ਨੂੰ ਲੈ ਕੇ ਵਖਰੇ ਵਖਰੇ ਕਾਂਡਾਂ ਵਿਚ ਦਿਤਾ ਜਾਵੇਗਾ ।

ਜਿਹਾ ਕਿ ਅਸੀਂ ਪਿਛੇ ਦੇਖ ਆਏ ਹਾਂ ਕਿ ਕੁਝ ਨਿਸਚਿਤ ਲਗ ਮਾਤ੍ਰੀ ਚਿੰਨ੍ਹ ਹਨ ਜਿਨ੍ਹਾਂ ਦੇ ਕਿਸੇ ਨਾਂਵ ਨਾਲ ਲਗਿਆਂ ਉਹ ਨਾਂਵ ਵਖ ਵਖ ਕਾਰਕਾਂ ਵਿਚ ਬਦਲ ਜਾਂਦਾ ਹੈ । ਉਹਨਾਂ ਚਿੰਨ੍ਹਾਂ ਨਾਲ ਜਾਣ-ਪਛਾਣ ਜ਼ਰੂਰੀ ਹੈ । ਇਸ ਤੋਂ ਪਹਿਲਾਂ ਕਿ ਇਹਨਾਂ ਚਿੰਨ੍ਹਾਂ ਅਤੇ ਉਹਨਾਂ ਦੀ ਕਾਰਕੀ ਮਹੱਤਤਾ ਦਾ ਵੇਰਵਾ ਦਿਤਾ ਜਾਵੇ, ਇਹ ਜ਼ਰੂਰੀ ਹੈ ਕਿ ਨਾਂਵ-ਸ਼ਬਦਾਂ ਦੇ ਅੰਤਲੇ ਅਖਰ ਨੂੰ ਲਗੀ ਮੂਲਕ-ਅੰਗੀ ਲਗ ਦੇ ਅਧਾਰ ਤੇ ਵਖ ਵਖ ਸਰੂਪਾਂ ਵਾਲੇ ਨਾਂਵ-ਸ਼ਬਦਾਂ ਨਾਲ ਜਾਣ-ਪਛਾਣ ਕੀਤੀ ਜਾਵੇ । ਇਸ ਅਧਾਰ ਤੇ ਨਾਵਾਂ ਦੀਆਂ ਹੇਠ ਲਿਖੀਆਂ ਸ਼੍ਰੇਣੀਆਂ ਹਨ, ਜੋ ਪੁਲਿੰਗ ਨਾਂਵਾਂ ਅਤੇ ਇਸਤ੍ਰੀ-ਲਿੰਗ ਨਾਂਵਾਂ ਦੀਆਂ ਵਖ ਵਖ ਹਨ:—

(ੳ) ਮੁਕਤਾ-ਅੰਤ ਨਾਂਵ—ਅਜਿਹੇ ਨਾਂਵ ਜਿਨ੍ਹਾਂ ਦੇ ਅੰਤਲੇ ਅਖਰ ਨੂੰ ਉਹਨਾਂ ਦੇ ਮੂਲਕ ਰੂਪ ਵਿਚ ਕੋਈ ਲਗ ਲਗੀ ਹੋਈ ਨਹੀਂ ਹੁੰਦੀ । ਜਿਹਾ ਕਿ:—

ਪੁਲਿੰਗ ਨਾਂਵ:—ਪ੍ਰਭ, ਸੰਤ, ਗੁਰ, ਸਿਖ, ਨਾਮ, ਸ਼ਬਦ ਦਾਸ, ਪੰਥ, ਬਚਨ, ਧਰਮ, ਆਦਿ ।

ਇਸਤ੍ਰੀ-ਲਿੰਗ ਨਾਂਵ :—ਧਨ, ਸੇਵ, ਮੁੰਧ, ਸਮਝ, ਟਹਲ, ਘਾਲ, ਬਖਸ, ਲਿਵ, ਪੈਜ, ਟੇਕ, ਰਵਾਲ, ਗਲ, ਚਾਲ ਭੁਖ, ਆਦਿ ।

(ਅ) ਕੰਨਾ-ਅੰਤ ਨਾਂਵ—ਅਜਿਹੇ ਨਾਂਵ, ਜਿਨ੍ਹਾਂ ਦੇ ਅੰਤਲੇ ਅਖਰ ਨੂੰ ਉਹਨਾਂ ਦੇ ਮੂਲਕ ਰੂਪ ਵਿਚ ਕੰਨਾ (ਾ) ਲਗਾ ਹੁੰਦਾ ਹੈ । ਜਿਹਾ ਕਿ :—

ਪੁਲਿੰਗ ਨਾਂਵ :—ਵਣਜਾਰਾ, ਬਟਵਾਰਾ, ਲੇਖਾ, ਧੰਧਾ, ਕਰਤਾ, ਹਿਰਦਾ, ਭਾਣਾ, ਸੁਪਨਾ, ਦਾਤਾ, ਸੋਹਿਲਾ, ਪਲਾ, ਆਤਮਾ, ਸੁਪਨਾ, ਰਾਜਾ, ਆਦਿ ।

ਇਸਤ੍ਰੀ-ਲਿੰਗ ਨਾਂਵ :—ਆਸਾ, ਵਿਦਿਆ, ਰਜ਼ਾ, ਮਨਸਾ, ਦੁਬਿਧਾ, ਜਿਹਵਾ, ਮਾਇਆ, ਤ੍ਰਿਸ਼ਨਾ, ਮਮਤਾ, ਮਹਿਮਾ, ਬਿਖਿਆ, ਆਦਿ ।

(ੲ) ਉ-ਅੰਤ-ਨਾਂਵ—ਅਜਿਹੇ ਨਾਂਵ ਜਿਨ੍ਹਾਂ ਦੇ ਅੰਤਲੇ ਅਖਰ ਨੂੰ ਉਹਨਾਂ ਦੇ ਮੂਲਕ ਰੂਪ ਵਿਚ 'ਉ' ਆਉਂਦਾ ਹੈ । ਜਿਵੇਂ :—

ਪੁਲਿੰਗ ਨਾਂਵ :—ਪਿਉ, ਘਿਉ, ਪ੍ਰਿਉ, ਭਉ, ਭਾਉ, ਜੀਉ, ਉਪਾਉ, ਥਾਉਂ, ਸੁਆਉ, ਅਹੰਮੇਉ, ਆਦਿ

(ਸ) ਿ—ਅੰਤ ਨਾਂਵ—ਅਜਿਹੇ ਨਾਂਵ ਜਿਨ੍ਹਾਂ ਦੇ ਅੰਤਲੇ ਅਖਰ ਨੂੰ ਉਹਨਾਂ ਦੇ ਮੂਲਕ ਰੂਪ ਵਿਚ ( ਿ) ਲਗੀ ਹੋਵੇ । ਜਿਹਾ ਕਿ :—

ਪੁਲਿੰਗ ਨਾਂਵ :—ਗਿਰਿ, ਰਵਿ, ਸਸਿ, ਮੁਨਿ, ਹਰਿ, ਕਲਿ, ਆਦਿ ।

ਇਸਤ੍ਰੀ-ਲਿੰਗ ਨਾਂਵ :—ਭਗਤਿ, ਮੁਕਤਿ, ਜੁਗਤਿ, ਮਤਿ ਲਹਰਿ, ਅਰਦਾਸਿ, ਕੁਦਰਤਿ, ਸਾਂਤਿ, ਸਰਣਿ, ਰੀਤਿ, ਨਿਸਿ, ਥਿਤਿ, ਤ੍ਰਿਪਤਿ, ਭੀਤਿ ਆਦਿ ।

(ਹ) ੀ—ਅੰਤ ਨਾਂਵ—ਅਜਿਹੇ ਨਾਂਵ ਜਿਨ੍ਹਾਂ ਦੇ ਅੰਤਲੇ ਅਖਰ ਨੂੰ ਉਹਨਾਂ ਦੇ ਮੂਲਕ ਰੂਪ ਵਿਚ ( ੀ ) ਲਗੀ ਹੋਵੇ । ਜਿਹਾ ਕਿ :—

ਪੁਲਿੰਗ ਨਾਂਵ :—ਪਾਣੀ, ਗਿਆਨੀ, ਭਾਈ, ਸੰਤੋਖੀ, ਹਲਵਾਈ, ਢਾਢੀ, ਸੁਆਮੀ, ਹਸਤੀ, ਆਦਿ ।

ਇਸਤ੍ਰੀ-ਲਿੰਗ ਨਾਂਵ :—ਵਧਾਈ, ਦੇਹੁਰੀ, ਕੜਛੀ, ਬਾਣੀ, ਸੂਹਨੀ, ਖਾਣੀ, ਮਟਕੀ, ਮਾਲੀ, ਘੜੀ, ਪਰੀ, ਕਹਾਣੀ, ਆਦਿ ।

(ਕ) ( ੁ )—ਅੰਤ ਨਾਂਵ—ਅਜਿਹੇ ਨਾਂਵ ਜਿਨ੍ਹਾਂ ਦੇ ਅੰਤਲੇ ਅਖਰ ਨੂੰ ਉਹਨਾਂ ਦੇ ਮੂਲਕ ਰੂਪ ਵਿਚ



www.AKJ.Org

( ੑ ) ਲਗਾ ਹੋਵੇ, ਜਿਹਾ ਕਿ :—

ਪੁਲਿੰਗ ਨਾਂਵ :—ਪਸੁ, ਤੇਲੁ, ਸਤ੍ਰੁ, ਦਿਨੁ, ਅਸੁ, ਆਦਿ ।

ਇਸਤ੍ਰੀ-ਲਿੰਗ ਨਾਂਵ :—ਮੈਲੁ, ਖੰਡੁ, ਰਤੁ, ਛਾਰੁ, ਮਧੁ, ਕਲਤ੍ਰੁ, ਰੇਣੁ, ਬਿੰਦੁ, ਮਲੁ, ਬਸਤੁ, ਆਦਿ ।

(ਖ) ਦੁਲੈਂਕੜੇ—ਅੰਤ ਨਾਂਵ—ਅਜਿਹੇ ਸ਼ਬਦ ਜਿਨ੍ਹਾਂ ਦੇ ਅੰਤਲੇ ਅਖਰ ਨੂੰ ਉਹਨਾਂ ਦੇ ਮੂਲਕ ਰੂਪ ਵਿਚ ( ੂ ) ਦੁਲੈਂਕੜੇ ਲਗੇ ਹੋਣ । ਜਿਹਾ ਕਿ:—

ਪੁਲਿੰਗ ਨਾਂਵ—ਮਖੱਟੂ, ਘੁਘੂ, ਨੈਨੂ, ਨਕਟੂ, ਸ੍ਰਵਨੂ, ਚਟੂ, ਹਿੰਦੂ, ਬਟਾਊ, ਪਛਾਣੂ ਆਦਿ ।

ਉਪ੍ਰੋਕਤ ਵੇਰਵੇ ਅਨੁਸਾਰ ਅੰਤਲੇ ਅਖਰ ਨੂੰ ਲਗੀਆਂ ਵਖ ਵਖ ਲਗਾਂ ਦੇ ਅਧਾਰ ਤੇ ਵਖਰੀ ਵਖਰੀ ਲਗ ਮਾਤ੍ਰੀ-ਬਣਤਰ ਵਾਲੇ ਸਤ ਸ੍ਰੇਣੀਆਂ ਦੇ ਨਾਂਵ ਸ਼ਬਦ ਹਨ ।

ਸੋ ਵਖ ਵਖ ਕਾਰਕਾਂ ਨਾਲ ਸਬੰਧਤ ਲਗ-ਮਾਤ੍ਰੀ ਚਿੰਨ੍ਹਾਂ ਬਾਰੇ ਜਾਣ ਪਛਾਣ ਕਰਨ ਲਈ ਹੇਠ ਲਿਖੇ ਨੁਕਤੇ ਚੰਗੀ ਤਰ੍ਹਾਂ ਸਮਝ ਲੈਣੇ ਚਾਹੀਦੇ ਹਨ :—

(ੳ) ਹਰੇਕ ਕਾਰਕ ਦੇ ਨਿਸਚਿਤ ਲਗ ਮਾਤ੍ਰੀ ਕਾਰਕ-ਚਿੰਨ੍ਹ ਹਨ ।

(ਅ) ਇਕੱਲੇ ਇਕੱਲੇ ਕਾਰਕ ਦੇ ਵਖ ਵਖ ਬਣਤਰ ਵਾਲੇ ਨਾਂਵ-ਸ਼ਬਦਾਂ ਲਈ ਵਖ ਵਖ ਕਾਰਕ-ਚਿੰਨ੍ਹ ਹਨ । ਜਿਵੇਂ ਕਰਤਾ ਕਾਰਕ ਵਾਸਤੇ ਮੁਕਤਾ-ਅੰਤ ਨਾਂਵ-ਸ਼ਬਦਾਂ ਲਈ ਹੋਰ ਕਾਰਕੀ-ਚਿੰਨ੍ਹ ਹਨ ਅਤੇ ਕੰਨਾ ਅੰਤ ਨਾਂਵ-ਸ਼ਬਦਾਂ ਲਈ ਹੋਰ । ਤੇ ਏਸੇ ਤਰ੍ਹਾਂ ਬਾਕੀ ਛੇ ਕਿਸਮ ਦੀਆਂ ਬਣਤਰਾਂ ਵਾਲੇ ਸ਼ਬਦਾਂ ਲਈ ਹੋਰ ਹੋਰ ।

(ੲ) ਇਕੋ ਹੀ ਸ੍ਰੇਣੀ ਦੀ ਬਣਤਰ ਵਾਲੇ ਪੁਲਿੰਗ ਨਾਂਵਾਂ ਲਈ ਹੋਰ ਕਾਰਕ-ਚਿੰਨ੍ਹ ਹਨ, ਇਸਤ੍ਰੀ ਲਿੰਗ-ਨਾਵਾਂ ਲਈ ਹੋਰ ।

(ਸ) ਇਕੋ ਹੀ ਸ੍ਰੇਣੀ ਦੇ ਇਕੋ ਹੀ ਲਿੰਗ ਦੇ ਇਕ-ਵਚਨ ਨਾਵਾਂ ਦੇ ਹੋਰ ਕਾਰਕ ਚਿੰਨ੍ਹ ਹਨ, ਬਹੁ ਵਚਨ ਸ਼ਬਦਾਂ ਦੇ ਹੋਰ ।

---

# ਅਖੰਡ ਕੀਰਤਨੀ ਜਥੇ ਦੇ ਪੰਜ ਮੁਖੀ ਕੀਰਤਨੀਏ ਇੰਗਲੈਂਡ ਵਿਚ

ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥

ਪੰਥ ਰਤਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸ਼ਖਸੀਅਤ, ਕੁਰਬਾਨੀਆਂ ਅਤੇ ਪੰਥ ਤੇ ਦੇਸ਼ ਦੀ ਸੇਵਾ ਕਿਸੇ ਤੋਂ ਗੁੱਝੀ ਨਹੀਂ ਹੈ। ਭਾਈ ਸਾਹਿਬ ਨੇ ਆਪ ਆਯੂ ਪ੍ਰਯੰਤ ਅਖੰਡ ਕੀਰਤਨ ਦੁਆਰਾ ਗੁਰੂ-ਖਾਲਸੇ ਦੀ ਸੇਵਾ ਕੀਤੀ ਅਤੇ ਦਸਮ-ਪਾਤਸ਼ਾਹ ਜੀ ਦੀ ਦ੍ਰਿੜ੍ਹਾਈ ਗੁਰਸਿਖ ਰਹਿਤ-ਰਹਿਣੀ ਨੂੰ ਅੰਮ੍ਰਿਤ-ਸਿੰਚਾਰ ਦੁਆਰਾ ਪ੍ਰਫੁਲਤ ਕੀਤਾ ਤੇ ਅਨੇਕਾਂ ਹੀ ਆਪਣੇ ਜਿਹੇ ਕੀਰਤਨੀਏ ਤਿਆਰ ਕੀਤੇ ।

ਸ੍ਰੀ ਅੰਮ੍ਰਿਤਸਰ, ਕਾਨਪੁਰ ਤੇ ਦਿਲੀ ਵਿਚ ਨਰਕਧਾਰੀਆਂ ਹਥੋਂ ਹੋਏ ਖੂਨੀ ਸਾਕਿਆਂ ਵਿਚ ਭੀ ਅਖੰਡ ਕੀਰਤਨੀ ਜਥੇ ਨੇ ਸ਼ਹੀਦੀਆਂ ਪਾ ਕੇ ਸੁੱਤੀ ਕੌਮ ਨੂੰ ਝੰਜੋੜਿਆ ਹੈ।

ਅਖੰਡ ਕੀਰਤਨੀ ਜੱਥਾ (ਰਜਿਸਟ੍ਰਡ) ਯੂ. ਕੇ. ਦੇ ਸੱਦੇ ਪੱਤਰ ਤੇ ਭਾਰਤ ਤੋਂ ਅਖੰਡ ਕੀਰਤਨੀ ਜਥੇ ਦੇ ਪੰਜ ਮੁਖੀ ਕੀਰਤਨੀਏ ਇੰਗਲੈਂਡ ੮ ਨਵੰਬਰ ਦੇ ਪੁਜ ਗਏ ਹਨ, ਜੋ ਉਥੇ ਗੁਰਬਾਣੀ ਦੀ ਰਸ-ਭਿੰਨੀ ਵਰਖਾ ਕਰ ਰਹੇ ਹਨ। ਇੰਗਲੈਂਡ ਦੇ ਗੁਰਦੁਆਰਾ-ਪ੍ਰਬੰਧਕਾਂ ਦੇ ਸਹਿਯੋਗ ਨਾਲ ਕੀਰਤਨ ਅਤੇ ਅੰਮ੍ਰਿਤ-ਸਿੰਚਾਰ ਪ੍ਰੋਗਰਾਮ ਹੋ ਰਹੇ ਹਨ। ਇਨ੍ਹਾਂ ਪ੍ਰੋਗਰਾਮਾਂ ਨਾਲ ਸਾਂਝ ਪਾਉਣ ਲਈ ਹੇਠ ਲਿਖੇ ਪਤਿਆਂ ਤੋਂ ਪੁਛਗਿਛ ਕਰੋ ਜੀ --

੧. ਭਾਈ ਬੰਤਾ ਸਿੰਘ ਜਨਰਲ ਸਕੱਤਰ, 12, Hartington Rd.Birmingham-19. Tel.021-554-7280

੨. ਭਾਈ ਜਗਤਾਰ ਸਿੰਘ, 122, Rose Hill St,Derby Tel.0332-44641

੩. ਭਾਈ ਗੁਰਬਖਸ਼ ਸਿੰਘ, 110 A-Luton Rd, Chatham Tel.0634-407547

੪. ਭਾਈ ਜੋਗਿੰਦਰ ਸਿੰਘ, 27,-Salters Ford Rd,Leicestor, Tel.0533-764179

੫. ਭਾਈ ਹਰਚਰਨ ਸਿੰਘ, Southall, Tel.018439434



www.AKJ.Org

# ਗੁਰ ਮੂਰਤਿ

(ਵਲੋਂ—ਸ: ਇੰਦਰ ਸਿੰਘ ਜੀ, ਹਰੀ ਗਾਰਡਨ, ਪਠਾਨਕੋਟ)

ਪਤਾ ਐਸਾ ਲਗਦਾ ਹੈ ਕਿ ਕੁਝ ਹੋਰ ਮਸਲਿਆਂ ਵਾਂਗ ਹੀ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦਾ ਮਸਲਾ ਵੀ ਖਾਲਸਾ ਪੰਥ ਹਲ ਨਹੀਂ ਕਰ ਰਿਹਾ ਤੇ ਵਾਦ-ਵਿਵਾਦ ਦਾ ਕਾਰਨ ਬਣ ਰਿਹਾ ਹੈ। (ਗੁਰਮਤਿ ਪ੍ਰਕਾਸ਼) ਸਤੰਬਰ ਦੇ ਪਰਚੇ ਵਿੱਚ ਦੇ ਲੇਖ ਤੋਂ ਭਾਸਦਾ ਹੈ ਕਿ ਸਿਖ "ਵਿਦਵਾਨ" ਫ਼ੋਟੋ ਬਣਾਉਣ ਤੇ ਰਖਣ ਵਿੱਚ ਹਰਜ ਨਹੀਂ ਸਮਝਦੇ। ਦਾਸ ਕੁਝ ਚਿਰ ਤੋਂ ਇਸ ਨਤੀਜੇ ਤੇ ਪੁਜਾ ਹੈ ਕਿ ਪੰਥ ਮੁਢਲੇ ਅਸੂਲਾਂ ਤੋਂ ਹੀ ਘੁਥਾ ਹੋਇਆ ਹੈ। ਉਨ੍ਹਾਂ ਵਿਚੋਂ ਇਕ ਇਹ "ਗੁਰ ਮੂਰਤਿ" ਦਾ ਅਸੂਲ ਵੀ ਹੈ।

(੧) ਸਿਖ "੧ਓ" ਦਾ ਪੁਜਾਰੀ ਹੈ। ਗੁਰੂ ਨਾਨਕ "ਨਿਰੰਕਾਰੀ" ਨੇ "ਇਕੋ" ਦਾ ਹੋਕਾ ਦਿਤਾ। ਗੁਰਬਾਣੀ ਹੁਕਮ ਕਰਦੀ ਹੈ ਕਿ "ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ।* ਜੋ ਵਿਅਕਤੀ ਜਨਮ ਮਰਨ ਵਿਚ ਆ ਗਿਆ, ਭਾਵੇਂ ਪ੍ਰਭੂ ਨਾਲ ਲਿਵਲੀਨ ਰਿਹਾ, ਪਰ ਪਰਮਾਤਮਾ ਨਹੀਂ ਹੋ ਗਿਆ, ਬਲਕਿ ਅਵਤਾਰ ਦੀ ਹੈਸੀਅਤ ਰਖ ਸਕਦਾ ਹੈ; ਜਿਸ ਤਰ੍ਹਾਂ ਸਾਡੇ ਗੁਰੂ ਸਾਹਿਬਾਨ ਹੈਨ। ਗੁਰਮਤਿ 'ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ"† ਦਾ ਦ੍ਰਿੜ੍ਹ ਉਪਦੇਸ਼ ਕਰਦੀ ਹੈ—ਇਸ ਲਈ ਬਗੈਰ "ਉਸ ਜੋਤਿ" ਤੋਂ ਕਿਸੇ ਹੋਰਸ ਦਾ ਧਿਆਨ ਕਰਨਾ "ਗੁਰਮਤਿ" ਨਹੀਂ, "ਮਨ ਮਤ" ਹੈ।

(੨) ਸਾਡੇ ਦਸ ਗੁਰੂ ਸਾਹਿਬਾਨ ਹਨ, ਮੁਤਾਬਿਕ ਗੁਰਬਾਣੀ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ"‡ ਸਾਰੇ ਇਕੋ ਜੋਤਿ ਹਨ। ਪਹਿਲੇ ਗੁਰੂ ਸਾਹਿਬ ਨੇ ਆਪਣੀ ਜੋਤਿ ਭਾਈ ਲਹਿਣਾ ਜੀ ਨੂੰ ਬਖਸ਼ ਕੇ ਗੁਰੂ ਅੰਗਦ ਸਾਹਿਬ ਬਣਾ ਦਿਤਾ। ਦੂਜੇ ਗੁਰੂ ਸਾਹਿਬਾਨ ਨੇ, ਮੁਤਾਬਿਕ ਸਿਖ ਇਤਿਹਾਸ ਜੋ ਵੀ ਕੱਚਾ ਪੱਕਾ ਮੌਜੂਦ ਹੈ, ਗੁਰੂ ਨਾਨਕ ਸਾਹਿਬ ਦੀ ਮੂਰਤ ਨਹੀਂ ਬਣਵਾਈ ਨਾ ਹੀ ਲਗਾਈ, ਨਾ ਹੀ ਧਿਆਨ ਧਰਨ ਦਾ ਉਪਦੇਸ਼ ਦਿਤਾ। ਜੇਕਰ ਉਹ ਇਹ 'ਕ੍ਰਿਪਾ' ਕਰ ਜਾਂਦੇ ਤਦ ਠੀਕ ਮੂਰਤ ਰੀਕਾਰਡ ਵਿੱਚ ਹੋ ਜਾਂਦੀ ਤੇ ਬਹੁਤ ਹਦ ਤਕ ਵਾਦ-ਵਿਵਾਦ ਮੁਕ ਜਾਂਦਾ; ਪਰ ਐਸਾ ਹੋਇਆ ਹੀ ਨਹੀਂ। ਬਾਕੀ ਗੁਰੂ ਸਾਹਿਬਾਨ ਨੇ ਵੀ ਨਾ ਹੀ ਆਦਿ ਗੁਰੂ ਜੀ ਦੀਆਂ ਨਾ ਹੀ ਬਾਕੀ ਗੁਰੂ ਸਾਹਿਬਾਂ ਦੀਆਂ ਫ਼ੋਟੋ ਚਲਾਈਆਂ। ਨਤੀਜੇ ਵਜੋਂ ਕਿਸੇ ਗੁਰੂ ਸਾਹਿਬ ਦੀ ਮੂਰਤ (ਫ਼ੋਟੋ) ਬਣੀ ਹੀ ਨਹੀਂ, ਮੌਜੂਦ ਹੋਣੀ ਹੀ ਕੀ ਹੈ?

(੩) ਹਿੰਦੂ ਮਤਾਂ (ਹਿੰਦੂ ਲਫ਼ਜ਼ ਕਿਸੇ ਮਤ ਦਾ ਨਾਂ ਨਹੀਂ, ਬਲਕਿ ਹਿੰਦੁਸਤਾਨ ਦੇ ਵਾਸੀ ਦਾ ਨਾਂ ਹਿੰਦੂ ਹੈ) ਵਿੱਚ 'ਮੂਰਤੀ' ਪੂਜਾ ਦਾ ਆਮ ਰਿਵਾਜ ਸੀ ਤੇ ਹੁਣ ਵੀ ਹੈ। ਪੰਡਤ ਨਹਿਰੂ ਜੀ ਨੇ Discovery of India (ਡਿਸਕਵਰੀ ਆਫ਼ ਇੰਡੀਆ) ਵਿਚ ਸਨਾਤਨੀ ਹਿੰਦੂ ਸੰਪ੍ਰਦਾਇ ਦਾ ਵੀਚਾਰ ਕਰਦਿਆਂ ਲਿਖਿਆ ਹੈ ਕਿ ਮੂਰਤੀਆਂ ਦਾ ਰਿਵਾਜ ਹਿੰਦ ਵਿੱਚ ਯੂਨਾਨੀ ਹਮਲੇ ਨਾਲ ਆਇਆ ਤੇ ਪੱਕ ਗਿਆ। ਕੁਝ ਕੁ ਵਿਅਕਤੀਆਂ ਨੇ ਪ੍ਰਮਾਤਮਾ ਦਾ ਚਿਤ੍ਰ ਆਪਣੀ ਆਪਣੀ ਬੁਧ ਅਨੁਸਾਰ ਬਣਾਇਆ ਤੇ ਕੁਝ ਕੁ ਨੇ ਆਪਣੀ ਹੁਨਰ ਉਡਾਰੀ ਕਰਕੇ। ਸਪੱਸ਼ਟ ਹੈ ਕਿ ਜਿਸ ਨੇ ਚੰਗੀ ਮੂਰਤੀ ਪੇਸ਼ ਕੀਤੀ, ਜਨਤਾ ਨੇ ਉਸੇ ਦੀ ਉਮਤ ਬਣਨਾ ਪ੍ਰਵਾਨ ਕੀਤਾ ਜਾਂ ਉਸ ਦੀ ਮਾਇਕ ਆਮਦਨ ਵਿਚ ਵਾਧਾ ਹੋਇਆ। ਇਸ ਜਜ਼ਬੇ ਨੇ ਵਧੀਆ ਤੋਂ ਵਧੀਆਂ ਮੂਰਤੀਆਂ ਬਣਾਣ ਦਾ ਰਿਵਾਜ ਬਣਾਇਆ, ਜੋ ਕਿ ਅਜ ਤਕ ਚਲ ਰਿਹਾ ਹੈ। ਅਸਲੀਅਤ ਵਿੱਚ 'ਰੱਬ' ਦਾ ਤਖ਼ੀਅਲ 'ਮੂਰਤੀਆਂ' ਰਾਹੀਂ ਲਿਆਂਦਾ ਗਿਆ, ਜੋ ਕਿ ਗੁਰਮਤਿ ਕੇਵਲ ਅਪ੍ਰਵਾਨ ਹੀ ਨਹੀਂ ਕਰਦੀ, ਬਲਕਿ ਖੰਡਨ ਕਰਦੀ ਹੈ। ਵਾਹਿਗੁਰੂ ਇਕ ਹੀ ਹੈ 'ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ* ਤੇ ਬ੍ਰਹਮਾ ਵਿਸ਼ਨੂੰ ਸ਼ਿਵ ਦੇ ਕਰਤਵ ਉਹ 'ਆਪ' ਹੀ ਕਰਦਾ ਹੈ, ਕੋਈ 'ਏਜੰਟ' ਨਹੀਂ ਬਣਾਏ ਹੋਏ। ਸੋ ਸਿਧ ਹੋਇਆ ਕਿ 'ਕਲਪਤ' 'ਮੂਰਤੀਆਂ' ਵਾਹਿਗੁਰੂ

*ਭੈਰਉ ਮ: ੫, ਪੰਨਾ ੧੧੩੬
†ਪਾ: ੧੦, ੩੩ ਸਵੈਯੇ
‡ਸਤੇ ਬਲਵੰਡ ਦੀ ਵਾਰ, ਪੰਨਾ ੯੬੬

*ਜਪੁਜੀ, ਪਉੜੀ ੩੦



www.AKJ.Org

ਦੀਆਂ ਗੁਰਮਤਿ ਮਨ੍ਹਾ ਕਰਦੀ ਹੈ। ਜੇ ਇਹ ਸੋਚਿਆ ਜਾਵੇ ਕਿ 'ਇਸ ਵਿਚ ਕੀ ਹਰਜ ਹੈ' ਤਦ ਹਰ ਕਿਸੇ ਦਾ ਜਵਾਬ ਇਹੋ ਹੀ ਹੋਵੇਗਾ ਕਿ ਗਲਤ ਧਾਰਨਾ ਗਲਤ ਹੀ ਰਹੇਗੀ, 'ਪ੍ਰਚਲਤ' ਹੋ ਜਾਣ ਨਾਲ ਠੀਕ ਨਹੀਂ ਹੋ ਜਾਣੀ। ਦਾਸ ਦਾ ਸਾਬਤ ਕਰਨਾ ਹੈ ਕਿ 'ਮੂਰਤੀ' ਤੇ 'ਮੂਰਤ' ਇਕੋ ਹੀ ਚੀਜ਼ ਹੈ, ਜੋ ਕਿ ਗੁਰਮਤਿ ਵਿਚ ਵਿਵਰਜਿਤ ਹੈ।

(੪) ਇਸੇ ਮੂਰਤੀ-ਪੂਜਾ ਦੇ ਰਿਵਾਜ ਤੋਂ ਸਿਖ ਗੁਰੂ ਸਾਹਿਬਾਨ ਦੀਆਂ ਮੂਰਤਾਂ ਬਣਦੀਆਂ ਰਹੀਆਂ। ਸਮੇਂ ਦੇ ਨਾਲ ਨਾਲ ਚੰਗੇਰੀਆਂ ਹੁੰਦੀਆਂ ਗਈਆਂ। ਜੇਕਰ ਦੋ ਸੌ ਸਾਲ ਪਹਿਲਾਂ ਦੀ ਬਣੀ ਫੋਟੋ ਵੇਖੀ ਜਾਏ ਤਦ ਅਜ ਦੀਆਂ ਬਣੀਆਂ 'ਫੋਟੋਆਂ' ਦੇ ਮੁਕਾਬਲੇ ਤੇ ਉਹ ਹੇਚ ਲਗੇਗੀ। ਯਾਦ ਰਹੇ ਕਿ ਕਿਸੇ ਗੁਰੂ ਸਾਹਿਬ ਦੀ ਸਹੀ ਫ਼ੋਟੋ ਹੈ ਹੀ ਨਹੀਂ (ਜੇਕਰ ਹੁੰਦੀ ਵੀ ਤਦ ਗੁਰਮਤਿ ਦੇ ਵਿਰੁਧ ਉਸਦੀ ਪੂਜਾ ਨਹੀਂ ਸੀ ਹੋ ਸਕਦੀ)।ਦਾਸ ਦੀ ਤੁਛ ਬੁਧੀ ਅਨੁਸਾਰ ਪੰਥ ਕਿਸ ਤਰ੍ਹਾਂ ਇਕ ਫਰਜ਼ੀ ਸ਼ਕਲ ਨੂੰ 'ਗੁਰੂ ਨਾਨਕ' ਆਖ ਸਕਦਾ ਹੈ ਤੇ ਸਾਡੇ 'ਵਿਦਵਾਨ' ਬੱਚਿਆਂ ਨੂੰ ਸਿਖਿਆ ਦੇਣ ਲਈ ਪ੍ਰੇਰ ਸਕਦੇ ਹਨ? ਜੋ ਚਿਤ੍ਰ ਇਤਿਹਾਸਕ ਗੁਰਦੁਆਰਿਆਂ ਦੀਆਂ ਦੀਵਾਰਾਂ ਤੇ ਬਣੇ ਮਿਲਦੇ ਹਨ, ਉਹ ਯਕੀਨਨ ੨੦੦ ਸਾਲ ਤੋਂ ਪੁਰਾਣੇ ਨਹੀਂ ਤੇ ਨਾ ਹੀ ਕਿਸੇ 'ਲਿਵਲੀਨ' ਸਿਖ ਦੇ ਬਣਾਏ ਹੋਏ ਹਨ, ਇਹ ਸਿਰਫ਼ 'ਆਰਟ' ਹੀ ਹੈ ਜਿਸ ਦੀ ਸਰਪ੍ਰਸਤੀ ਸਾਡੇ 'ਵਿਦਵਾਨ' ਕਰ ਰਹੇ ਹਨ, ਜੋ ਆਪ 'ਆਰਟਿਸਟ' ਹੀ ਹਨ।

(੫) ਪੰਥ ਦੀ ਸ਼੍ਰੋਮਣੀ ਕਮੇਟੀ (ਗੁਰਦੁਆਰਾ ਪ੍ਰਬੰਧਕ) ਨੇ ਸਾਡੇ ਤੇ ਬੜੀ ਕਿਰਪਾ ਕੀਤੀ ਹੈ ਕਿ ਗੁਰੂ ਨਾਨਕ ਸਾਹਿਬ ਦੀ 'ਫ਼ੋਟੋ' ਬਣਵਾ ਕੇ ਪੰਥ ਨੂੰ ਬਖਸ਼ੀ ਹੈ। ਆਰਟਿਸਟ ਨੂੰ ਇਨਾਮ ਵੀ ਦਿਤਾ ਹੈ ਤੇ ਪੰਥ ਦੇ ਲੱਖਾਂ ਕਰੋੜਾਂ ਰੁਪਏ ਫੋਟੋਆਂ ਤੇ ਬਰਬਾਦ ਕਰਵਾ ਦਿਤੇ ਹਨ। ਫੇਰ ਹੁਕਮ ਕਰਦੇ ਹਨ ਕਿ ਫ਼ੋਟੋ ਲਟਕਾਣ ਵਿਚ ਕੋਈ 'ਹਰਜ ਨਹੀਂ', ਪੂਜਾ ਪ੍ਰਤਿਸ਼ਟਾ ਦਾ ਕੋਈ ਉਦੇਸ਼ ਨਹੀਂ। ਜਿਸ ਵਿਅਕਤੀ ਨੇ ਇਹ ਮਤਾ ਪਾਸ ਕੀਤਾ ਹੈ (ਜੇਕਰ ਉਹ ਜੀਊਂਦਾ ਹੈ) ਉਹ ਨੂੰ ਪੁਛਿਆ ਜਾਵੇ ਕਿ ਸਾਡੇ ਪਿਤਾ ਦਾ ਫ਼ਰਜ਼ੀ ਫੋਟੋ ਜੇਕਰ ਕੋਈ ਬਣਾ ਕੇ ਲਿਆਵੇ, ਭਾਵੇਂ ਕਿਤਨਾ ਹੀ ਜਾਨਦਾਰ ਤੇ ਸੁੰਦਰ ਦਿਖਾਈ ਦੇਵੇ, ਕੀ ਅਸੀਂ ਉਸਨੂੰ ਆਪਣਾ ਪਿਤਾ ਮੰਨ ਲਵਾਂਗੇ ਤੇ ਆਰਟਿਸਟ ਨੂੰ ਇਨਾਮ ਦਿਆਂਗੇ? ਦਾਸ ਨੇ ਘਰਾਂ ਵਿਚ ਲਟਕੀਆਂ ਫ਼ੋਟੋਆਂ ਵੇਖੀਆਂ ਹਨ। ਆਮ ਸਿਖ ਉਨ੍ਹਾਂ ਨੂੰ ਧੂਪ ਧੁਖਾਂਦੇ ਤੇ ਹਾਰ ਚੜ੍ਹਾਂਦੇ ਵੇਖੇ ਹਨ। 'ਪੂਜਾ' ਕਿਸ ਨੂੰ ਕਹਿੰਦੇ ਹਨ? ਜੇਕਰ ਕਿਸੇ ਕੈਲੰਡਰ ਦੀ ਅਖੌਤੀ ਗੁਰੂ ਸਾਹਿਬ ਦੀ ਫੋਟੋ ਬਾਹਰ ਰੁਲਦੀ ਹੋਵੇ ਤਦ ਉਸ ਉਪਰੋਂ ਦਾਸ ਨੂੰ ਲੰਘਣ ਦੀ ਜੁਰਅੱਤ ਨਹੀਂ ਪੈਂਦੀ। ਬਾਕੀ ਦੇ ਗੈਰ ਸਿਖ ਭਾਵੇਂ ਉਸ ਨੂੰ ਬੂਟ ਸਾਫ ਕਰਨ ਲਈ ਇਸਤਿਮਾਲ ਕਰਦੇ ਹੋਣ। ਸੋ ਫ਼ੋਟੋ ਨੂੰ ਪ੍ਰਮਾਣੀਕ ਕਰ ਦੇਣਾ ਤੇ ਨਾਲ ਹੀ ਕਹਿਣਾ ਕਿ ਰਖਣ ਵਿਚ ਤੇ 'ਕੋਈ ਹਰਜ ਨਹੀਂ ਪਰ ਪੂਜਾ ਨਹੀਂ ਕਰਨਾ'। ਕਿਤਨੀ ਦੋਗਲੀ ਪਾਲਿਸੀ ਹੈ।

(੬)ਦਾਸ ਦਾ ਸੁਝਾਉ ਜੇ ਮੰਨਿਆ ਜਾਏ ਤਦ ਹੁਣ ਵੀ ਅਸੀਂ ਅਸਲੀ ਠਿਕਾਣੇ ਆ ਸਕਦੇ ਹਾਂ। ਜੇਕਰ 'ਧਾਰਮਿਕ ਸਲਾਹਕਾਰ ਕਮੇਟੀ' 'ਸਰਬਤ ਖਾਲਸੇ' ਦਾ ਦੀਵਾਨ ਬੁਲਾਏ ਤੇ ਇਸੇ ਵਿਸ਼ੇ ਤੇ ਗੁਰਮਤਿ ਮੁਤਾਬਕ ਵਿਚਾਰ ਕਰ ਕੇ ਗੁਰਮਤਾ (ਫ਼ਾਈਨਲ ਫ਼ੈਸਲਾ) ਕਰੇ ਕਿ 'ਗੁਰ ਮੂਰਤਾਂ' ਦਾ ਪੰਥ ਵਿਚ ਕੀ ਮੁਕਾਮ ਹੈ ਤੇ ਫ਼ੋਟੋਆਂ ਹੋਣੀਆਂ ਚਾਹੀਦੀਆਂ ਹਨ ਕਿ ਨਹੀਂ। ਪੰਥ ਦੀ 'ਖੁਲ੍ਹਦਿਲੀ' ਦਾ ਮੁਜ਼ਾਹਿਰਾ ਮੋਹਨ ਮੀਕਨ ਸੋਲਨ ਦੇ ਕੈਲੰਡਰ ੧੯੭੮ (ਜੁਲਾਈ–ਸਤੰਬਰ) ਤੋਂ ਭਲੀ ਪ੍ਰਕਾਰ ਹੋ ਜਾਂਦਾ ਹੈ। ਦਾਸ ਨੇ ਇਕ ਦੁਕਾਨ ਤੇ ਗੁਰੂ ਨਾਨਕ ਸਾਹਿਬ ਦਾ ਫ਼ੋਟੋ ਇਕ ਮੁਸਲਮਾਨ 'ਫ਼ਕੀਰ' ਦੇ ਰੂਪ ਵਿਚ ਹੁਣ ਹੀ ਵੇਖਿਆ ਹੈ। ਬਾਕੀ ਗੁਰੂ ਸਾਹਿਬਾਨ ਦੀਆਂ ਫ਼ੋਟੋਆਂ ਦਾ ਤਾਂ ਰੁਲ ਹੀ ਪਿਆ ਹੈ। ਕਿਸ ਤੇ ਟਿਪਣੀ ਕੀਤੀ ਜਾਵੇ? ਵਕਤ ਗੁਜ਼ਰ ਜਾਣ ਤੇ ਇਸ ਕੌੜੀ ਵੇਲ ਨੂੰ ਹਟਾਣ ਲਈ ਪੰਥ ਨੂੰ ਕੁਰਬਾਨੀਆਂ ਦੇਣੀਆਂ ਪੈਣਗੀਆਂ।

(੭) ਪੰਥ ਵਲੋਂ ਸਮੁੱਚੇ ਤੌਰ ਤੇ ਇਸ ਗੱਲ ਦਾ ਐਲਾਨ ਕਰ ਦੇਣਾ ਚਾਹੀਦਾ ਹੈ ਜਦ ਤਕ ਪੰਥ ਇਹ ਫ਼ੈਸਲਾ ਨਹੀਂ ਕਰ ਪਾਂਦਾ ਤਦ ਤਕ ਤਮਾਮ ਫ਼ੋਟੋ ਬੰਦ ਕਰ ਦਿਤੀਆਂ ਜਾਣ। ਆਸ ਹੈ, ਪੰਥ ਹੋ ਰਹੇ ਨੁਕਸਾਨ ਤੋਂ ਆਪਣੇ ਆਪ ਨੂੰ ਬਚਾਉਣ ਲਈ ਹੁਣ ਵੀ ਜਾਗੇਗਾ।



www.AKJ.Org

ਇਕ ਤਾਰੀਖ਼ੀ ਹਕੀਕਤ–

# ਸਿੱਖ ਰਹਿਤ ਮਰਯਾਦਾ ਤੇ ਪੰਜ ਤਖ਼ਤਾਂ ਦਾ ਪਿਛੋਕੜ

(ਵਲੋਂ :—ਸ: ਸ਼ਮਸ਼ੇਰ ਸਿੰਘ ਜੀ 'ਅਸ਼ੋਕ', ਰੀਸਰਚ ਸਕਾਲਰ, ਸ਼੍ਰ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ)

ਗੁਰੂ ਖ਼ਾਲਸੇ ਦੇ ਪੰਜ ਸ਼ਾਹੀ ਤਖ਼ਤ ਮਸ਼ਹੂਰ ਹਨ–(੧) ਸ੍ਰੀ ਅਕਾਲ ਬੁੰਗਾ, ਅਰਥਾਤ–ਅਕਾਲ ਤਖ਼ਤ, ਅੰਮ੍ਰਿਤਸਰ, (੨) ਤਖ਼ਤ ਸ੍ਰੀ ਕੇਸਗੜ੍ਹ (ਅਨੰਦਪੁਰ ਸਾਹਿਬ), (੩) ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ (ਬਿਹਾਰ), (੪) ਤਖ਼ਤ ਦਮਦਮਾ ਸਾਹਿਬ (ਤਲਵੰਡੀ ਸਾਬੋ–ਬਠਿੰਡਾ), ਤੇ (੫) ਤਖ਼ਤ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ (ਨਦੇੜ–ਦੱਖਣ)। ਸਿੱਖ ਰਹਿਤ ਮਰਯਾਦਾ ਦੇ ਨੁਕਤਾ ਨਿਗਾਹ ਤੋਂ ਪਹਿਲੇ ਪਹਿਲ ਇਨ੍ਹਾਂ ਪੰਜਾਂ ਤਖ਼ਤਾਂ ਦੇ ਤੌਰ ਤਰੀਕੇ, ਜਿਵੇਂ ਕਿ ਪੁਰਾਣੇ ਸਿੰਘ ਸਭੀਆਂ ਤੋਂ ਪਤਾ ਲਗਦਾ ਰਿਹਾ ਹੈ, ਇਕ ਸਨ, ਪਰ ਫੇਰ ਸੰਨ ੧੮੪੯ ਤੋਂ ੧੯੨੦ ਈ: ਤਕ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਅੰਗਰੇਜ਼ੀ ਅਧਿਕਾਰ ਦੇ ਮਾਤਹਿਤ ਪੁਜਾਰੀਆਂ ਦੇ ਕਬਜ਼ੇ ਵਿਚ ਹੋਣ ਕਰਕੇ ਇਥੋਂ ਦੀ ਰਹਿਤ ਮਰਯਾਦਾ ਬਦਲਣੀ ਸ਼ੁਰੂ ਹੋਈ। ਕਾਰਨ ਇਸ ਅਦਲਾ ਬਦਲੀ ਦਾ ਇਹ ਸੀ ਕਿ ਸਿੱਖਾਂ ਦੀਆਂ ਬਾਰ੍ਹਾਂ ਮਿਸਲਾਂ ਦੇ ਸਮੇਂ ਤੋਂ ਸੰਨ ੧੭੬੪ ਤੋਂ ਸੰਨ ੧੮੪੫ ਈ: ਤਕ ਸ੍ਰੀ ਅਕਾਲ ਤਖ਼ਤ ਦਾ ਕਬਜ਼ਾ ਬੁੱਢਾ ਦਲ ਦੇ ਨਿਹੰਗ ਸਿੰਘਾਂ ਦੇ ਅਧੀਨ ਰਿਹਾ ਸੀ ਤੇ ਸਿੱਖ ਰਾਜ ਸਮੇਂ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫ਼ੌਜ ਵਿਚ ਨਿਹੰਗ ਸਿੰਘਾਂ ਦੀ ਇਕ ਸਵਤੰਤਰ ਅਕਾਲ ਰਜਮੈਂਟ ਕਾਇਮ ਕਰਕੇ ਸ੍ਰੀ ਅਕਾਲ ਤਖ਼ਤ ਦੀ ਪੁਜ਼ੀਸ਼ਨ ਹੋਰ ਵੀ ਮਜ਼ਬੂਤ ਬਣਾ ਦਿੱਤੀ ਸੀ। ਜਿਸ ਕਰਕੇ ਖ਼ਾਲਸਾ ਪੰਥ ਦੇ ਸਾਰੇ ਗੁਰਮਤੇ ਬੁੱਢਾ ਦਲ ਦੇ ਅਧਿਕਾਰ ਹੇਠ ਸ੍ਰੀ ਅਕਾਲ ਤਖ਼ਤ ਤੇ ਦਰਸ਼ਨੀ ਡਿਉਢੀ ਦੇ ਵਿਚਕਾਰ ਬਣੇ ਇਕ ਸਵਤੰਤਰ ਭਵਨ ਵਿਚ, ਜੋ ਪਿਛੋਂ ਅੰਗਰੇਜ਼ੀ ਅਮਲਦਾਰੀ ਸਮੇਂ ਢਾਹ ਦਿੱਤਾ ਗਿਆ ਸੀ, ਸਰਬ ਸੰਮਤੀ ਨਾਲ ਹੁੰਦੇ ਸਨ, ਪਰ ਫੇਰ ਸੰਨ ੧੮੪੫-੪੬ ਵਿਚ ਜਦ ਸਿੱਖਾਂ ਤੇ ਅੰਗਰੇਜ਼ਾਂ ਦੀ ਸਤਲੁਜ ਦੀ ਲੜਾਈ ਸਮੇਂ ਰਾਜਾ ਗੁਲਾਬ ਸਿੰਘ ਡੋਗਰੇ ਦੀਆਂ ਸਾਜ਼ਿਸ਼ਾਂ ਕਾਰਨ ਸਿੱਖਾਂ ਦੇ ਹਾਰਨ ਤੇ ਪੰਜਾਬ ਉਤੇ ਰੈਜ਼ੀਡੈਂਟ ਸਰ ਹੈਨਰੀ ਲਾਰੰਸ ਦੇ ਅਧੀਨ ਈਸਟ ਇੰਡੀਆ ਕੰਪਨੀ ਦਾ ਅਧਿਕਾਰ ਹੋ ਗਿਆ ਤਾਂ ਹੋਰ ਸਿੱਖ ਰਜਮੈਂਟਾਂ ਦੇ ਨਾਲ ਹੀ ਨਿਹੰਗ ਸਿੰਘਾਂ ਦੀ ਅਕਾਲ ਰਜਮੈਂਟ ਤੋੜੀ ਜਾਣ ਤੇ ਮੱਲੋ ਜ਼ੋਰੀ ਸਰਕਾਰ ਅੰਗਰੇਜ਼ੀ ਦੇ ਹੁਕਮ ਨਾਲ ਸ੍ਰੀ ਅਕਾਲ ਤਖ਼ਤ ਵੀ ਨਿਹੰਗ ਸਿੰਘਾਂ ਦੀ ਥਾਵੇਂ ਪੁਜਾਰੀਆਂ ਦੇ ਕਬਜ਼ੇ ਵਿਚ ਹੀ ਚਲਾ ਗਿਆ, ਜਿਸ ਕਾਰਨ ਖ਼ਾਲਸੇ ਦਾ ਰਹਿੰਦਾ ਖੂੰਹਦਾ ਸਾਹ ਸੱਤ, ਸਿੱਖ ਰਹਿਤ ਮਰਯਾਦਾ ਵਿਚ ਉਲਟ ਫੇਰ ਹੋਣ ਤੇ ਖ਼ਤਮ ਹੋਣਾ ਇਕ ਕੁਦਰਤੀ ਗੱਲ ਸੀ। ਸ੍ਰੀ ਅਕਾਲ ਤਖ਼ਤ ਦਾ ਇਹੋ ਪ੍ਰਭਾਵ ਕਾਫ਼ੀ ਹੱਦ ਤਕ ਤਖ਼ਤ ਸ੍ਰੀ ਕੇਸਗੜ੍ਹ (ਅਨੰਦਪੁਰ ਸਾਹਿਬ) ਤੇ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ (ਬਿਹਾਰ) ਉਤੇ ਵੀ ਪਿਆ।

ਪਹਿਲੇ ਪਹਿਲ ਗੁਰੂ ਖਾਲਸੇ ਦੇ ਪੰਜਾਂ ਤਖਤਾਂ ਦੀ ਰਹਿਤ ਮਰਯਾਦਾ ਇਕ ਸੀ, ਤੇ ਸਾਰੇ ਸਿਖ ਉਸੇ ਰਹਿਤ ਬਹਿਤ ਦੇ ਧਾਰਨੀ ਸਨ, ਪਰ ਪਿਛੋਂ ਰਹਿਤ ਬਹਿਤ ਵਿਗਾੜਨ ਦਾ ਸਿਲਸਿਲਾ ਪਹਿਲਾਂ ਤਖਤ ਸ੍ਰੀ ਕੇਸਗੜ੍ਹ ਤੋਂ ਸ਼ੁਰੂ ਹੋ ਕੇ ਇਸ ਦਾ ਸਿਧਾ ਅਸਰ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ (ਬਿਹਾਰ) ਉਤੇ ਪਿਆ।

ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ ਭਾਈ ਸੁੱਖਾ ਸਿੰਘ ਨਾਮ ਦੇ ਦੋ ਵਿਅਕਤੀ ਹੋਏ ਹਨ। ਪਹਿਲਾ ਭਾਈ ਸੁੱਖਾ ਸਿੰਘ ਤਖ਼ਤ ਕੇਸਗੜ੍ਹ ਸਾਹਿਬ(ਅਨੰਦਪੁਰ)ਦਾ ਗਿਆਨੀ ਸੀ, ਜਿਸ ਨੇ ਕਵੀ ਕੋਇਰ ਸਿੰਘ



www.AKJ.Org

ਕ੍ਰਿਤ ਗੁਰਬਿਲਾਸ ਪਾਤਸ਼ਾਹੀ ੧੦ [ਸੰਮਤ ੧੮੦੮] ਵਿਚ ਹੇਰ ਫੇਰ ਕਰ ਕੇ ਉਸੇ ਦੇ ਆਧਾਰ ਤੇ ਆਪਣਾ ਨਵਾਂ ਗੁਰ-ਬਿਲਾਸ ਪਾਤਸ਼ਾਹੀ ੧੦ ਸੰਮਤ ੧੮੫੪ ਵਿਚ ਤਿਆਰ ਕੀਤਾ ਸੀ। ਤਖ਼ਤ ਕੇਸਗੜ੍ਹ ਦੀ ਰਹਿਤ ਮਰਯਾਦਾ ਵਿਗਾੜਨ ਵਿਚ ਇਹ ਸਭ ਤੋਂ ਪਹਿਲਾ ਮੋਢੀ ਸੀ। ਇਸ ਤੋਂ ਬਾਅਦ ਦੂਜਾ ਭਾਈ ਸੁੱਖਾ ਸਿੰਘ ਸ੍ਰੀ ਹਰਿਮੰਦਰ ਸਾਹਿਬ ਪਟਨਾ (ਬਿਹਾਰ) ਦਾ ਗ੍ਰੰਥੀ ਸੀ। ਉਥੋਂ ਦੀ ਰਹਿਤ ਮਰਯਾਦਾ ਵਿਗਾੜਨ ਦੇ ਨਾਲ ਹੀ ਇਸ ਨੇ ਸ੍ਰੀ ਦਸਮੇਸ਼ ਦੇ ਨਾਂ ਤੇ ਨਵੀਆਂ ਰਚਨਾਵਾਂ: ਛਕੇ, ਸੁਖਮਨਾ ਆਦਿ ਲਿਖ ਕੇ ਦਸਮ ਗ੍ਰੰਥ ਦੀ ਇਕ ਨਵੀਂ ਬੀੜ ਬਣਾਈ ਸੀ, ਜੋ ਖਾਸ ਬੀੜ ਦੇ ਨਾਂ ਨਾਲ ਮਸ਼ਹੂਰ ਹੈ। ਇਸ ਦੇ ਨਾਲ ਹੀ ਇਸ ਨੇ ਦਸਮੇਸ਼ ਦੇ ਨਾਂ ਤੇ ਸਰਬ ਲੋਹ ਪ੍ਰਕਾਸ਼ ਨਾਮੀ ਇਕ ਨਵਾਂ ਗ੍ਰੰਥ ਲਿਖ ਕੇ ਪ੍ਰਸਤੁਤ ਕੀਤਾ ਸੀ, ਜੋ ਹੁਣ ਛਪਿਆ ਹੋਇਆ ਮਿਲਦਾ ਹੈ। ਪਟਨੇ ਸਾਹਿਬ ਦੀ ਰਹਿਤ ਮਰਯਾਦਾ ਵਿਗਾੜਨ ਵਿਚ ਇਸ ਦਾ ਖਾਸ ਹੱਥ ਸੀ।

ਇਨ੍ਹਾਂ ਤੋਂ ਬਾਅਦ ਕਵਿਰਾਜ ਬਾਬਾ ਸੁਮੇਰ ਸਿੰਘ ਜੀ ਭਲੇ ਨੇ, ਜੋ ਇਕ ਪ੍ਰਕਾਰ ਦੇ ਨੀਮ ਹਿੰਦੂ ਹੋਣ ਕਰਕੇ ਅਨੇਕ ਪ੍ਰਕਾਰ ਦੇ ਕ੍ਰਿਤ੍ਰਿਮ ਦੇਵੀ-ਦੇਵਤਿਆਂ ਦੇ ਮੋਅਤਕਿਦ ਸਨ, ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਟਨਾ (ਬਿਹਾਰ) ਦੀ ਰਹਿਤ ਮਰਯਾਦਾ ਵਿਗਾੜ ਕੇ ਓਸ ਵਿਚ ਅਨੇਕ ਕਿਸਮ ਦੀਆਂ ਤਬਦੀਲੀਆਂ ਕੁਝ ਤੇ ਆਪ ਕੀਤੀਆਂ ਤੇ ਬਾਕੀ ਆਪਣੇ ਸ਼ਾਗਿਰਦ ਪੰਡਿਤ ਭਗਵਾਨ ਸਿੰਘ ਰਹਿਤਨਾਮੀਏ ਮਜੀਠਾ ਵਾਲੇ [ਅੰਮ੍ਰਿਤਸਰ] ਤੋਂ ਵਿਮਲ ਵਿਵੇਕ ਵਾਰਿਧਿ ਗ੍ਰੰਥ ਤੇ ਖਾਲਸਾ ਦਰਪਣ ਨਾਮੀ ਦੋ ਪੁਸਤਕਾਂ ਲਿਖਵਾ ਕੇ ਪੁਰਾਣੇ ਅਸਲੀ ਰਹਿਤਨਾਮਿਆਂ ਉਤੇ ਉੱਕਾ ਹੀ ਪੋਚਾ ਫਿਰਵਾ ਦਿਤਾ। ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਕਥਨਅਨੁਸਾਰ 'ਪੰਡਿਤ ਭਗਵਾਨ ਸਿੰਘ(ਬਾਬਾ ਸੁਮੇਰ ਸਿੰਘ ਦੇ ਚਾਟੜੇ)ਨੇ ਇਕ ਬਿਬੇਕ ਵਾਰਿਧਿ ਗ੍ਰੰਥ ਸੰਮਤ ੪੦੮ ਗੁਰੂ ਨਾਨਕ ਸ਼ਾਹੀ ਵਿਚ ਲਿਖਿਆ ਹੈ, ਜਿਸ ਵਿਚ ੩੭ ਰਹਿਤਨਾਮਿਆਂ ਦਾ ਸੰਗ੍ਰਹਿ ਹੈ, ਪਰ ਉਸ ਨੇ ਆਪਣੀ ਮਨਮਤਿ ਮਿਲਾ ਕੇ ਗੁਰਮਤਿ ਲੋਪ ਕਰਨ ਦਾ ਯਤਨ ਕੀਤਾ ਹੈ।'' ਤੇ ਇਸੇ ਤਰ੍ਹਾਂ ਰਹਿਤ ਦਰਪਣ ਬਾਰੇ ਵੀ ਭਾਈ ਸਾਹਿਬ ਹੋਰਾਂ ਲਿਖਿਆ ਹੈ—''ਰਹਿਤ ਦਰਪਣ ਪੰਡਿਤ ਭਗਵਾਨ ਸਿੰਘ ਦਾ ਲਿਖਿਆ ਇਕ ਗ੍ਰੰਥ, ਜਿਸ ਵਿਚ ਉਸ ਨੇ ਆਪਣੇ ਨਿਸਚੇ ਅਨੁਸਾਰ ਸਿਖ ਧਰਮ ਦੀ ਰਹਿਤ ਲਿਖੀ ਹੈ।'' (ਦੇਖੋ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਸੰਨ ੧੯੬੦, ਸਫਾ ੭੬੦)। ਪੰਡਿਤ ਭਗਵਾਨ ਸਿੰਘ ਦੇ ਇਹ ਦੋਵੇਂ ਹੱਥ ਲਿਖਿਤ ਗ੍ਰੰਥ ਭਾਈ ਕਾਨ੍ਹ ਸਿੰਘ ਜੀ ਨਾਭਾ ਤੇ ਡਾਕਟਰ ਤ੍ਰਿਲੋਚਨ ਸਿੰਘ ਜੀ ਲੁਧਿਆਣਾ ਦੇ ਪੁਸਤਕਾਲਯਾਂ ਵਿਚ ਸੁਰੱਖਿਅਤ ਹਨ।

ਨਾ ਕੇਵਲ ਬਾਬਾ ਸੁਮੇਰ ਸਿੰਘ ਜੀ ਮਹੰਤ ਪਟਨਾ ਸਾਹਿਬ (ਬਿਹਾਰ) ਹੀ, ਸਗੋਂ ਉਨ੍ਹਾਂ ਵਾਂਗ ਹੋਰ ਬੇਦੀ, ਤ੍ਰੇਹਣ, ਭਲੇ ਤੇ ਸੋਢੀ ਸਾਹਿਬਜ਼ਾਦੇ ਵੀ ਗੁਰਮਤਿ ਦਾ ਅਸਲੀ ਰਾਹ ਛੱਡ ਕੇ ਮਨਮਤਿ ਦੀ ਇਸ ਲਪੇਟ ਵਿਚ ਆਉਂਦੇ ਤੇ ਖੱਜਲ ਖੁਆਰ ਹੁੰਦੇ ਰਹੇ। ਪ੍ਰਮਾਣ ਵਜੋਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਖਾਨਦਾਨ ਵਿਚੋਂ ਸੋਢੀ ਪ੍ਰਿਥੀ ਚੰਦ ਦੇ ਵੰਸ਼ਜ਼ ਤੇ ਸੋਢੀ ਕਮਲ ਨੈਨ ਦੇ ਪੋਤਰੇ ਸੋਢੀ ਭੂਪ ਸਿੰਘ ਜੀ ਗੁਰੂ ਕੇ ਕੋਠੇ (ਮਾਲਵਾ) ਵਾਲੇ ਇਸੇ ਧਾਰਮਿਕ ਗਿਰਾਵਟ ਦੇ ਕਾਰਨ ਬੁੱਢੇ ਹੋਣ ਤੇ ਇਸ ਖਿਆਲ ਨਾਲ ਬਨਾਰਸ ਜਾ ਵਸੇ ਕਿ ਉਥੇ ਸ਼ਿਵ ਜੀ ਦੀ ਪੁਰੀ ਵਿਚ ਦੇਹਾਂਤ ਹੋਣ ਤੇ ਸਹਿਜੇ ਹੀ ਉਨ੍ਹਾਂ ਦੀ ਮੁਕਤੀ ਹੋ ਜਾਵੇਗੀ। ਉਨ੍ਹਾਂ ਦੇ ਇਸ ਕੱਚ-ਪਿੱਚ ਦੀ ਝਲਕ ਸੰਤ ਕਵੀ ਬਾਬਾ ਰਾਮ ਦਾਸ ਜੀ ਦੀਵਾਨੇ ਸਾਧੂ ਪਟਿਆਲੇ ਵਾਲੇ ਇਸ ਸ੍ਵਲਿਖਿਤ ਕਾਵਯ-ਰਚਨਾ ਵਿਚੋਂ ਸਾਫ ਮਿਲਦੀ ਹੈ:—

ਕੋਠਾ ਸਾਹਿਬ ਕੋਲ ਕਾ, ਉਸ ਤੇ ਹੋਇ ਉਦਾਸ।
ਸੋਢੀ ਸੁਧਿ ਕਰਿ ਮੁਕਤਿ ਕੀ, ਕਿਯੋ ਬਨਾਰਸ ਵਾਸ ॥੧॥



www.AKJ.Org

ਕੋਲ ਨੈਨ ਕਾ ਪੋਤਰਾ, ਭੂਪ ਸਿੰਘ ਤਿਸ ਨਾਮ।
ਮੁਕਤਿ ਮਾਂਗਨੇ ਕਾਰਨੇ, ਵਸੇ ਬਨਾਰਸ ਧਾਮ॥੨॥
ਤਿਸ ਨੇ ਹਮ ਕੋ ਲਿਖਿ ਪਠਾ, ਬਸੋ ਬਨਾਰਸ ਆਇ।
ਅੰਤ ਵੇਰ ਔਖੀ ਸਮਯ, ਸ਼ਿਵ ਜੀ ਕਰਤਿ ਸਹਾਇ॥੩।
ਹਮ ਉਸ ਕੋ ਉਤਰ ਲਿਖਾ, ਸੁਨੋ ਇਕਾਗ੍ਰ ਚੀਤ।
ਛਡੈਂ ਨ ਸਤਿਗੁਰੁ ਆਸਰਾ ਮੰਗੈਂ ਨ ਘਰਿ ਘਰਿ ਮੀਤ॥੪॥
ਆਸ ਤਜੀ ਦਰ ਆਨ ਕੀ, ਸਿਰ ਪਰ ਨਾਨਕ ਸ਼ਾਹ।
ਸੁਰਗ ਮੁਕਤਿ ਸੁਖ ਰਾਜ ਤੇ, ਰਹਿਤੇ ਬੇਪਰਵਾਹ॥੫॥... ...
ਲਾਜ ਲਗਾਵੈਂ ਗੁਰੂ ਕੋ, ਤਜੈਂ ਰਾਮ ਕੀ ਆਸ।
ਮੁਕਤਿ ਮਾਂਗਨੈਂ ਕਾਰਨੈਂ, ਕਾਸ਼ੀ ਕਰੈ ਨ ਵਾਸ॥੧੦॥... ...
ਸੇਵਕ ਨਾਨਕ ਸ਼ਾਹ ਕੇ, ਸ਼ਿਵ ਸਿਉਂ ਨਹੀਂ ਸਨੇਹ।
ਚਰਨ ਗੁਰੂ ਕੇ ਚਿਤ ਵਸੈਂ, ਤਜੈਂ ਨ ਕਾਸ਼ੀ ਦੇਹ॥੧੨॥... ...
ਲੋਕ ਵਾਦ ਤੇ ਬਾਹਰਾ, ਗੁਰੂ ਨਾਨਕ ਕਾ ਪੰਥ।
ਹਮ ਕਾਸ਼ੀ ਕਾਹੇ ਮਰੈਂ, ਛੋਡਿ ਗੁਰੂ ਕਾ ਗ੍ਰੰਥ॥੩੮॥
ਹਮਰੈ ਦ੍ਰਿਢ ਵਿਸ੍ਵਾਸ ਹੈ, ਚਰਣ ਕਮਲ ਕੀ ਟੇਕ।
ਤਜੈਂ ਨ ਮਾਰਗ ਗੁਰੂ ਕਾ ਜੇ ਸੁਖ ਮਿਲੈਂ ਅਨੇਕ॥੩੯॥
[ਦੇਖੋ, ਹੱਥ ਲਿਖਿਤ ਬਾਣੀ ਬਾਬਾ ਰਾਮ ਦਾਸ ਜੀਉ ਕੀ

ਤਖ਼ਤ ਕੇਸ ਗੜ੍ਹ ਤੇ ਸ੍ਰੀ ਹਰਿਮੰਦਰ ਸਾਹਿਬ ਪਟਨਾ (ਬਿਹਾਰ) ਤੋਂ ਬਾਅਦ ਫੇਰ ਵਾਰੀ ਆਈ ਤਖਤ ਸੱਚਖੰਡ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ (ਨੰਦੇੜ) ਦੀ। ਪਹਿਲੇ ਪਹਿਲ ਸਿੱਖ ਰਾਜ ਦੇ ਅੰਤਲੇ ਸਮੇਂ ਇਸ ਸੱਚਖੰਡੀ ਤਖ਼ਤ ਦੀ ਰਹਿਤ ਮਰਯਾਦਾ ਬੜੀ ਅਛਹ ਸੀ, ਜਿਥੇ ਕਿਸੇ ਵੀ ਪ੍ਰਕਾਰ ਦੀ ਮਨਮਤਿ ਦਾ ਪ੍ਰਭਾਵ ਨਹੀਂ ਸੀ ਪਿਆ। ਇਸੇ ਕਾਰਨ ਨਾਮਧਾਰੀ ਲਹਿਰ ਦੇ ਮੂਲ ਪ੍ਰਵਰਤਕ ਪਰਮ ਸਤਿਕਾਰ ਜੋਗ ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ (ਲੁਧਿਆਣਾ) ਤੋਂ ਇਕ ਬੜਾ ਵਿਸ਼ਵਾਸ ਪਾਤ੍ਰ ਸੱਜਨ ਹਜ਼ੂਰ ਸਾਹਿਬ ਉਥੋਂ ਦੀ ਨਿਰੋਲ ਗੁਰਮੁਖੀ ਰਹਿਤ ਮਰਯਾਦਾ ਦੇ ਅਧਿਐਨ ਵਾਸਤੇ ਖ਼ਾਸ ਤੌਰ ਤੇ ਭੇਜਿਆ ਸੀ, ਤਾਕਿ ਨਾਮਧਾਰੀ ਦਰਬਾਰ ਵਲੋਂ ਉਸੇ ਗੁਰ ਮਰਯਾਦਾ ਦੀ ਪੈਰਵੀ ਕੀਤੀ ਜਾਵੇ। (ਦੇਖੋ, ਕੂਕਾ ਰੀਕਾਰਡਜ਼) ਪਿਛੋਂ ਛੇਤੀ ਹੀ ਸ੍ਰੀ ਹਜ਼ੂਰ ਸਾਹਿਬ (ਨੰਦੇੜ) ਦੀ ਇਸ ਰਹਿਤ ਮਰਯਾਦਾ ਦਾ ਹਸ਼ਰ ਵੀ ਉਹੋ ਹੋਇਆ ਜੋ ਹੋਰ ਤਖ਼ਤ ਸਾਹਿਬਾਨ ਦੀ ਰਹਿਤ ਮਰਯਾਦਾ ਵਿਚ ਪਰਿਵਰਤਨ ਹੋਣ ਤੇ ਹੋਇਆ ਸੀ।

ਸਿਖ ਪੰਥ ਦਾ ਸਭ ਤੋਂ ਵੱਡਾ ਤੇ ਕਦੀਮੀ ਤਖ਼ਤ ਸ੍ਰੀ ਅਕਾਲ ਬੁੰਗਾ (ਪ੍ਰਸਿੱਧ ਨਾਮ ਸ੍ਰੀ ਅਕਾਲ ਤਖ਼ਤ ਸਾਹਿਬ) ਗੁਰਮੁਖੀ ਰਹਿਤ ਮਰਯਾਦਾ ਦੇ ਪੱਖੋਂ ਆਦਿ ਕਾਲ ਤੋਂ ਬੜਾ ਅਹਿਮ ਰੋਲ ਅਦਾ ਕਰਦਾ ਰਿਹਾ ਹੈ, ਇਸ ਤਖਤ ਵਲੋਂ ਹੁੰਦੀ ਰਹੀ ਧਾਰਮਿਕ ਤੇ ਸਿਆਸੀ ਰਹਿਨੁਮਾਈ ਦੀਆਂ ਮਿਸਾਲਾਂ ਸਿੱਖ ਮਿਸਲਾਂ ਤੇ ਸਿਖ ਰਾਜ ਦੇ ਇਤਿਹਾਸ ਵਿਚੋਂ ਮਿਲਦੀਆਂ ਹਨ। ਸੰਨ ੧੯੨੦ ਤੋਂ, ਜਦ ਕਿ ਗੁਰਦੁਆਰਾ-ਸੁਧਾਰ-ਅੰਦੋਲਨ ਦੇ ਨਾਂ ਹੇਠ ਅਕਾਲੀ ਲਹਿਰ ਸ਼ੁਰੂ ਹੋਈ, ਇਸ ਸਥਾਨ ਪਰ ਹਮੇਸ਼ਾ ਗੁਰਮੁਖੀ ਰਹਿਤ ਮਰਯਾਦਾ ਦਾ ਪਾਲਨ ਬੜੀ ਸਾਵਧਾਨੀ ਤੇ ਪਕਿਆਈ ਨਾਲ ਹੁੰਦਾ ਰਿਹਾ ਤੇ ਖੰਡੇ ਦਾ ਅੰਮ੍ਰਿਤ, ਸਿਖ ਮਰਦਾਂ ਤੇ ਇਸਤ੍ਰੀਆਂ ਨੂੰ ਇਕ ਸਮਾਨ ਪੰਜ ਕਕਾਰ ਦੀ ਧਾਰਨਾ ਰਖਵਾ ਕੇ, ਪਾਨ ਕਰਵਾਇਆ ਜਾਂਦਾ ਰਿਹਾ।


www.AKJ.Org

ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਵਿਚ ਉਸ ਸਮੇਂ ਗੜਗੱਜ ਅਕਾਲੀ ਦੀਵਾਨ ਤਰਨ ਤਾਰਨ ਤੇ ਸੈਂਟਰਲ ਮਾਝਾ ਖ਼ਾਲਸਾ ਦੀਵਾਨ ਕੀਰਤਨ ਗੜ੍ਹ (ਅੰਮ੍ਰਿਤਸਰ) ਦੇ ਅਗਾਂਹ-ਵਧੂ ਤੇ ਸਿਰਕੱਢ ਮੋਢੀ ਸ਼ਾਮਲ ਸਨ, ਜੋ ਸਾਰੇ ਹੀ ਸਿਖ ਇਸਤ੍ਰੀਆਂ ਤੇ ਬੀਬੀਆਂ ਲਈ ਉਨ੍ਹਾਂ ਦੇ ਸਿਰਾਂ ਉਤੇ ਬਾਕਾਇਦਾ ਦਸਤਾਰ ਦੀ ਧਾਰਨਾ ਦੇ ਹਾਮੀ ਸਨ, ਇਸ ਲਈ ਸ੍ਰੀ ਅਕਾਲ ਤਖ਼ਤ ਪਰ ਜਦੋਂ ਵੀ ਅੰਮ੍ਰਿਤ ਪ੍ਰਚਾਰ ਹੁੰਦਾ ਤਾਂ ਸਿਖ ਬੀਬੀਆਂ ਲਈ ਦਸਤਾਰ ਦੀ ਧਾਰਨਾ ਦੀ ਖ਼ਾਸ ਪਾਬੰਦੀ ਸੀ। ਨਹੀਂ ਤਾਂ ਜੋ ਬੀਬੀ ਸਿਰ ਉਤੇ ਦਸਤਾਰ ਅਥਵਾ ਕੇਸਕੀ ਨਾ ਸਜਾਉਂਦੀ ਤਾਂ ਉਸ ਨੂੰ ਅੰਮ੍ਰਿਤ ਨਹੀਂ ਸੀ ਛਕਾਇਆ ਜਾਂਦਾ। ਸਿਖ ਰਹਿਤ ਮਰਯਾਦਾ ਦੀ ਇਹ ਪਾਬੰਦੀ ਅਕਾਲੀ ਲਹਿਰ ਦੇ ਪਿਛੋਂ ਤਕ ਕਾਇਮ ਰਹੀ, ਤੇ ਇਹ ਪਾਬੰਦੀ ਤਦ ਹੀ ਨਰਮ ਹੋਈ ਜਦ ਗਿਆਨੀ ਗੁਰਮੁਖ ਸਿੰਘ ਜੀ 'ਮੁਸਾਫ਼ਿਰ' ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨਿਯੁਕਤ ਕੀਤੇ ਗਏ। ਸਿਖ ਰਹਿਤ ਮਰਯਾਦਾ ਦੀ ਪਕਿਆਈ ਦੇ ਨੁਕਤਾ ਨਿਗਾਹ ਤੋਂ ਮੁਸਾਫ਼ਿਰ ਹੋਰੀਂ ਨਿਰੇ ਮੁਸਾਫ਼ਿਰ ਹੀ ਸਨ, ਇਸ ਲਈ ਉਨ੍ਹਾਂ ਨੇ ਆਪਣੇ ਇਕ ਸਪੈਸ਼ਲ ਆਰਡਰ ਰਾਹੀਂ ਪਹਿਲਾਂ ਤਾਂ ਇਕ ਹਫਤਾ ਬੀਬੀਆਂ ਨੂੰ ਬਿਨਾਂ ਦਸਤਾਰ ਤੇ ਫੇਰ ਇਕ ਹਫਤਾ ਦਸਤਾਰ ਸਹਿਤ ਅੰਮ੍ਰਿਤ ਛਕਾਉਣ ਦਾ ਆਦੇਸ਼ ਦਿਤਾ, ਪਰ ਫੇਰ ਪਿਛੋਂ ਇਸ ਬੰਧੇਜ ਨੂੰ ਹੋਰ ਵੀ ਨਰਮ ਕੀਤਾ ਤੇ ਬਿਨਾਂ ਦਸਤਾਰ ਦੇ ਹੀ ਅੰਮ੍ਰਿਤ ਛਕਾਉਣ ਦੀ ਖੁਲ੍ਹ ਦੇ ਦਿਤੀ। ਇਸ ਤਰ੍ਹਾਂ ਕਰਨ ਤੇ ਸਿੱਖ ਬੀਬੀਆਂ ਵਿਚ ਸਿਰਾਂ ਉਤੇ ਦਸਤਾਰ ਧਾਰਨ ਦਾ ਰਿਵਾਜ ਘਟਿਆ ਤੇ ਚੰਗੇ ਚੰਗੇ ਸਿਖ ਪਰਵਾਰਾਂ ਵਿਚ ਜਾਨਕੀ ਜੂੜੇ ਕਰਨ ਤੇ ਨੱਕ ਕੰਨ ਗਹਿਣੇ ਪਹਿਨਣ ਦਾ ਸ਼ੌਕ ਜ਼ੋਰ ਪਕੜ ਗਿਆ। ਇਸ ਲਈ ਸ੍ਰੀ ਅਕਾਲ ਤਖ਼ਤ ਦੀ ਉਹ ਰਹਿਤ ਮਰਯਾਦਾ, ਜੋ ਬਾਰ੍ਹਾਂ ਮਿਸਲਾਂ ਤੇ ਸਿਖ ਰਾਜ ਦੇ ਸਮੇਂ ਤੋਂ ਪ੍ਰਚਲਿਤ ਸੀ, ਸਹੇ ਦੇ ਸਿੰਗਾਂ ਵਾਂਗੂ ਅਜਿਹੀ ਲੁਪਤ ਹੋ ਗਈ ਕਿ ਹੁਣ ਉਸ ਦਾ ਕਿਤੇ ਨਾਂ-ਨਿਸ਼ਾਨ ਬੜਾ ਘੱਟ ਹੀ ਦੇਖਣ-ਸੁਣਨ ਵਿਚ ਮਿਲਦਾ ਹੈ। ਗੁਰਸਿਖੀ ਦੀ ਰਹਿਤ ਮਰਯਾਦਾ ਤੋਂ ਇਸੇ ਪੰਥਕ ਗਿਰਾਵਟ ਦਾ ਨਤੀਜਾ ਹੈ ਕਿ ਅਜ ਕਲ੍ਹ ਸਕੂਲਾਂ ਕਾਲਜਾਂ ਦੀਆਂ ਸਿਖ ਲੜਕੀਆਂ N.C.C. (ਐਨ.ਸੀ.ਸੀ.) ਦੀ ਪ੍ਰੇਡ ਸਮੇਂ ਦਸਤਾਰ ਦੀ ਥਾਵੇਂ ਟੋਪੀ ਪਹਿਨਣੀ ਤੇ ਸਕੂਟਰ ਚਲਾਉਣ ਸਮੇਂ ਲੋਹ-ਟੋਪ ਪਹਿਨਾ ਵਧੇਰੇ ਪਸੰਦ ਕਰਦੀਆਂ ਹਨ, ਹਾਲਾਂਕਿ ਚੰਡੀਗੜ੍ਹ-ਪ੍ਰਸ਼ਾਸਨ ਨੇ ਇਕ ਨੋਟੀਫ਼ੀਕੇਸ਼ਨ ਰਾਹੀਂ ਦਸਤਾਰ ਪਹਿਨਣ ਵਾਲੀਆਂ ਸਿਖ ਲੜਕੀਆਂ ਨੂੰ ਲੋਹ-ਟੋਪ ਪਹਿਨਣ ਤੋਂ ਛੋਟ ਦਿਤੀ ਹੈ। (ਦੇਖੋ, ਰੋਜ਼ਾਨਾ ਅਜੀਤ, ਜਲੰਧਰ, ੧੦ ਨਵੰਬਰ ੧੯੭੮, ਸਫ਼ੇ ੧ ਤੇ ੬)

ਆਪਣੀ ਇਸ ਕਮਜ਼ੋਰੀ ਨੂੰ ਭਾਂਪ ਕੇ, ਆਸ ਹੈ, ਨੁਕਤਾ-ਰਸ ਗੁਰਮਤਿ ਪ੍ਰੇਮੀ ਆਪਣੇ ਪ੍ਰਾਚੀਨ ਤੇ ਪੂਰਬਲੇ ਗੁਰਮਤਿ ਗੌਰਵ ਨੂੰ ਚੇਤੇ ਕਰ ਕੇ ਆਪਣਾ ਮੂਲ ਪਛਾਣਦੇ ਹੋਏ ਮੁੜ ਉਹੋ ਗੁਰਮੁਖੀ ਰਹਿਤ ਮਰਯਾਦਾ ਇਨ੍ਹਾਂ ਪੰਜ ਤਖ਼ਤਾਂ ਰਾਹੀਂ ਪ੍ਰਚਲਿਤ ਕਰ ਕੇ ਸਤਿਗੁਰੂ ਦੀਆਂ ਸਦੀਵੀ ਖੁਸ਼ੀਆਂ ਪ੍ਰਾਪਤ ਕਰਨਗੇ, ਨਹੀਂ ਤਾਂ ਸ੍ਰੀ ਦਸਮੇਸ਼ ਦਾ ਚਲਾਇਆ ਸੱਚਾ ਸੁੱਚਾ ਸਿਖ ਮਿਸ਼ਨ ਬੁਧ ਮਤ ਦੀ ਤਰ੍ਹਾਂ ਏਥੇ ਪੰਜਾਬ ਜਾਂ ਭਾਰਤ ਵਿਚ ਕਦਾਚਿਤ ਸਜੀਵ ਨਹੀਂ ਰਹਿ ਸਕੇਗਾ, ਸਗੋਂ ਇਸ ਨੂੰ ਅਮਰੀਕਾ, ਕੈਨੇਡਾ, ਇੰਗਲੈਂਡ, ਜਾਪਾਨ ਆਦਿ ਵਿਦੇਸ਼ਾਂ ਵਿਚ ਜਾ ਕੇ ਹੀ ਪਨਾਹ ਲੈਣੀ ਪਵੇਗੀ।

---

## ਮਾਸਕ ਰੈਣ ਸਬਾਈ ਅਖੰਡ ਕੀਰਤਨ ਸਮਾਗਮ

ਮਾ: ਉਜਾਗਰ ਸਿੰਘ ਜੀ ਖਾਲਸਾ ਫ਼ਰਵਾਲੀ (ਸੰਗਰੂਰ) ਇਤਲਾਹ ਦਿੰਦੇ ਹਨ ਕਿ ਨਗਰ ਮੁਤਿਓਂ ਤਸੀਲ ਸਮਰਾਲਾ (ਲੁਧਿਆਣਾ) ਵਿਖੇ ੯ ਦਸੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਿਹਾ ਹੈ। ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ। ਬਸ ਅਡਾ ਸਮਰਾਲਾ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਤੋਂ ਉਸੇ ਸ਼ਾਮ ੭॥ ਵਜੇ ਪਿੰਡ ਲਈ ਟਰਾਲੀ ਚਲੇਗੀ। ਪਿੰਡ ਉਥੋਂ ਢਾਈ ਮੀਲ ਹੈ।

ਦਾਸਰੇ—ਨਿਰਬਾਣ ਕੀਰਤਨੀ ਜੱਥਾ ਪਿੰਡ ਮੁਤਿਓਂ (ਲੁਧਿਆਣਾ)



www.AKJ.Org

# ਦਿਲੀ ਦਾ ਖ਼ੂਨੀ ਸਾਕਾ ਤੇ ਉਸ ਤੋਂ ਪਿਛੋਂ

ਆਖ਼ਰ ਹਿੰਦ ਦੀ ਰਾਜਧਾਨੀ ਦਿਲੀ ਵਿਚ ਵੀ ਸਿਖਾਂ ਦੇ ਸਿਰਾਂ ਦੀ ਹੋਲੀ ਖੇਡੀ ਗਈ। ਅੰਮ੍ਰਿਤਸਰ ਵਿਚ ਨਕਲੀ ਨਿਰੰਕਾਰੀਆਂ ਵਲੋਂ, ਕਾਨਪੁਰ ਵਿਚ ਨਕਲੀ ਨਿਰੰਕਾਰੀਆਂ ਤੇ ਪੁਲਸ ਦੀ ਮਿਲਵੀਂ ਤਾਕਤ ਵਲੋਂ ਸਿਰਾਂ ਦੀ ਹੋਲੀ ਖੇਡੀ ਗਈ। ਪਰ ਦਿਲੀ ਵਿਖੇ ਹਿੰਦ ਸਰਕਾਰ ਤੇ ਦਿਲੀ ਪ੍ਰਸ਼ਾਸਨ ਨੇ ਮਿਲ ਕੇ ਪੁਲਸ ਰਾਹੀਂ ਸਿਖਾਂ ਨੂੰ ਕੁਚਲਣ ਲਈ ਕੋਈ ਕਸਰ ਬਾਕੀ ਨਾ ਛਡੀ, ਜਿਹੜੀ ਕਿ ਮੁਰਾਰ ਜੀ ਡੀਸਾਈ ਦੀ ਹੱਠ - ਧਰਮੀ ਤੇ "ਮੈਂ ਨਾ ਮਾਨੂੰ" ਦੀ ਜ਼ਿਦ ਕਾਰਨ ਵਾਪਰੀ।

ਨਕਲੀ ਨਿਰੰਕਾਰੀਆਂ ਹਥੋਂ ਸ੍ਰੀ ਅੰਮ੍ਰਿਤਸਰ ਵਿਖੇ ਵਰਤੇ ਖੂਨੀ ਸਾਕੇ ਵਿਚ ੧੩ ਸਿੰਘ ਸ਼ਹੀਦੀਆਂ ਪਾ ਗਏ ਅਤੇ ਅਨਗਿਣਤ ਜ਼ਖਮੀ ਹੋ ਗਏ। ਇਹ ਸ਼ਹੀਦੀ ਸਾਕਾ ਗਿਣੀ ਮਿਥੀ ਸਾਜ਼ਸ਼ ਦਾ ਨਤੀਜਾ ਸੀ। ਇਸ ਸ਼ਹੀਦੀ ਸਾਕੇ ਕਾਰਨ ਸਿਖ ਹਿਰਦਿਆਂ ਦੇ ਜ਼ਖਮ ਅਜੇ ਅਲੇ ਹੀ ਸਨ ਕਿ ੨੬ ਸਤੰਬਰ ਨੂੰ ਕਾਨਪੁਰ ਵਿਖੇ ਨਕਲੀ ਨਿਰੰਕਾਰੀ ਆਗੂ ਦੇ ਆਉਣ ਤੇ ਨਕਲੀ ਨਿਰੰਕਾਰੀਆਂ ਵਲੋਂ ਤੇ ਯੂ. ਪੀ. ਪੁਲਸ ਵਲੋਂ ਪੁਰ-ਅਮਨ ਰੋਸ ਪਰਗਟ ਕਰਨ ਗਈਆਂ ਸਿਖ ਸੰਗਤਾਂ ਤੇ ਜੋ ਅੰਧਾ ਧੁੰਧ ਗੋਲੀ ਚਲਾਈ ਗਈ ਉਸ਼ ਨਾਲ ਅਠ ਸਿੰਘ (ਇਕ ਬੀਬੀ ਸਮੇਤ) ਸ਼ਹੀਦੀਆਂ ਪਾ ਗਏ ਅਤੇ ੧੪ ਬੁਰੀ ਤਰ੍ਹਾਂ ਘਾਇਲ ਹੋਏ ਅਤੇ ਹੋਰ ਫਟੜਾਂ ਦੀ ਗਿਣਤੀ ਦਾ ਕੋਈ ਅੰਦਾਜ਼ਾ ਕੋਈ ਨਹੀਂ। ਇਸ ਖੂਨੀ ਕਾਂਡ ਨਾਲ ਸਮੂਹ ਸਿਖ ਸੰਸਾਰ ਵਿਚ ਹਾਹਾਕਾਰ ਮਚ ਗਈ। ਇਨ੍ਹਾਂ ਘਟਨਾਵਾਂ ਵਿਚ ਸਰਕਾਰੀ ਮਸ਼ੀਨਰੀ ਦੀ ਨਕਲੀ ਨਿਰੰਕਾਰੀ ਨੂੰ ਪੂਰੀ ਪੂਰੀ ਮਦਦ ਸੀ ਅਤੇ ਸਰਕਾਰੀ ਸ਼ਹਿ ਤੇ ਹੀ ਮਹੰਤ ਨਰੈਣੂ ਦੇ ਸ੍ਰੀ ਨਨਕਾਣਾ ਸਾਹਿਬ ਵਿਖੇ ਵਰਤਾਏ ਖੂਨੀ ਸਾਕੇ ਵਾਂਗ ਇਸ ਕੁਕਰਮੀ ਬਾਬੇ ਨੇ ਇਹ ਕਹਿਰ ਦਿਨ-ਦੀਵੀਂ ਵਰਤਾਏ। ਇਹ ਸਾਰਾ ਉਪੱਦਰਵ ਐਵੇਂ ਨਹੀਂ ਵਰਤ ਰਿਹਾ, ਸਗੋਂ ਸਿਖ ਕੌਮ ਨੂੰ ਕਮਜ਼ੋਰ ਕਰਨ ਲਈ ਗਿਣ ਮਿਥ ਕੇ ਕਰਵਾਇਆ ਜਾ ਰਿਹਾ ਹੈ। ਸਿਖਾਂ ਦੇ ਸਿਰਾਂ ਦੀ ਹੋਲੀ ਖੇਡੀ ਜਾ ਰਹੀ ਹੈ ਅਤੇ ਉਸ ਤੋਂ ਬਾਅਦ ਮਹਾਸ਼ਾ ਪ੍ਰੈਸ ਇਨ੍ਹਾਂ ਖਬਰਾਂ ਨੂੰ ਉਲਟਾ ਪੁਲਟਾ ਕੇ ਜੋ ਅਧਮੂਲ ਮਚਾ ਰਿਹਾ ਹੈ, ਉਸ ਤੋਂ ਤਾਂ ਸਾਰੀ ਗੱਲ ਨਿਖਰ ਕੇ ਬਾਹਰ ਆ ਰਹੀ ਹੈ ਕਿ ਉਹ ਸਿਖਾਂ ਨੂੰ ਕਿਸ ਰਸਾਤਲ ਤਕ ਪਹੁੰਚਾਉਣਾ ਚਾਹੁੰਦੇ ਹਨ।

ਹੁਣ ਪੰਜ ਨਵੰਬਰ ਨੂੰ ਜੋ ਕੁਝ ਦਿਲੀ ਵਿਚ ਹੋਇਆ, ਉਹ ਵੀ ਸਭ ਦੇ ਸਾਹਮਣੇ ਹੈ। ਸਰਕਾਰ ਸਿਆਣਪ ਤੋਂ ਕੰਮ ਲੈਂਦੀ ਤਾਂ ਦਿਲੀ ਦੀ ਇਹ ਦੁਰਘਟਨਾ ਰੁਕ ਸਕਦੀ ਸੀ। ਦਿਲੀ ਦੀ ਗੁਰਦੁਆਰਾ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਕਾਫ਼ੀ ਸਮਾਂ ਪਹਿਲਾਂ ਹੀ ਇਹ ਵਾਵੇਲਾ ਕਰਨਾ ਸ਼ੁਰੂ ਕਰ ਦਿਤਾ ਸੀ ਕਿ ਨਕਲੀ ਨਿਰੰਕਾਰੀਆਂ ਨੂੰ ਦਿਲੀ ਵਿਚ ਆਪਣਾ ਸਮਾਗਮ ਪਬਲਿਕ ਥਾਂ ਵਿਚ ਕਰਨ ਦੀ ਆਗਿਆ ਨਾ ਦਿਤੀ ਜਾਵੇ, ਕਿਉਂਕਿ ਸਿੰਘਾਂ ਦੇ ਹਿਰਦੇ ਸ੍ਰੀ ਅੰਮ੍ਰਿਤਸਰ ਤੇ ਕਾਨ੍ਹਪੁਰ ਦੇ ਖੂਨੀ ਸਾਕਿਆਂ ਨਾਲ ਛਾਨਣੀ ਛਾਨਣੀ ਹੋਏ ਪਏ ਹਨ ਅਤੇ ਹੁਣ ਉਹ ਇਸ ਤਰ੍ਹਾਂ ਦਿਲੀ ਵਿਚ ਸ਼ਰਾ-ਆਮ ਉਸ ਨਿੰਦਕ ਨੂੰ ਨਿੰਦਾ ਕਰਦਿਆਂ ਬਰਦਾਸ਼ਤ ਨਹੀਂ ਕਰ ਸਕਣਗੇ ਅਤੇ ਜ਼ਰੂਰੀ ਤੌਰ ਤੇ ਰੋਸ ਪਰਗਟ ਕਰਨਗੇ, ਜਿਸ ਦੇ ਨਤੀਜੇ ਹਾਨੀਕਾਰਕ ਨਿਕਲ ਸਕਦੇ ਹਨ।

ਪਰ ਇਨ੍ਹਾਂ ਵਾਵੇਲਿਆਂ ਦਾ ਸਰਕਾਰ ਦੇ ਕੰਨਾਂ ਤੇ ਰਾਈ ਜਿੰਨਾ ਵੀ ਅਸਰ ਨਾ ਹੋਇਆ ਅਤੇ ਇਨ੍ਹਾਂ ਨਰਕਧਾਰੀਆਂ ਨੂੰ ੪–੫–੬ ਨਵੰਬਰ ਨੂੰ ਰਾਮ ਲੀਲ੍ਹਾ ਗਰਾਊਂਡ ਦੀ ਥਾਂ ਇੰਡੀਆ ਗੇਟ ਦੀ



www.AKJ.Org

ਖੁਲ੍ਹੀ ਗਰਾਊਂਡ ਵਿਚ ਕੁਸੰਗ ਕਰਨ ਦੀ ਖੁਲ੍ਹ ਦੇ ਕੇ ਜਾਣ ਬੁਝ ਕੇ ਇਹ ਤੀਜਾ ਖੂਨੀ ਸਾਕਾ ਵਰਤਾਇਆ। ਸੈਂਕੜਿਆਂ ਦੀ ਗਿਣਤੀ ਵਿਚ ਬੀਬੀਆਂ ਅਤੇ ਸਿੰਘਾਂ ਦੇ ਜੱਥੇ ਕੁਸੰਗ ਮੰਡਲ ਵਲ ਗਏ ਜੋ ਗ੍ਰਿਫਤਾਰ ਕਰ ਲਏ ਗਏ। ਨਾਲ ਹੀ ਸਰਕਾਰ ਨੇ ਗੁਰਦਵਾਰਾ ਬੰਗਲਾ ਸਾਹਿਬ ਨੂੰ ਸਾਰੇ ਪਾਸਿਆਂ ਤੋਂ ਪੁਲਸ ਰਾਹੀਂ ਘੇਰੇ ਵਿਚ ਲੈ ਲਿਆ ਅਤੇ ਸਿਖ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਵਲ ਜਾਣੋਂ ਰੋਕ ਦਿਤਾ। ਟੀਅਰ ਗੈਸ ਦੇ ਬੇਅੰਤਹਾ ਗੋਲੇ ਗੁਰਦੁਆਰਾ ਸਾਹਿਬ ਅੰਦਰ ਸੁਟੇ ਗਏ ਅਤੇ ਗੋਲੀ ਚਲਾਈ ਗਈ, ਦੋ ਤਿੰਨ ਵਿਅਕਤੀ ਸ਼ਹੀਦੀਆਂ ਪਾ ਗਏ ਅਤੇ ਕਈ ਦਰਜਨਾਂ ਸਜਣ ਫਟੜ ਹੋ ਗਏ। ਹਜ਼ਾਰਾਂ ਦੀ ਗਿਣਤੀ ਵਿਚ ਸਿਖ ਸੰਗਤਾਂ ਦਾ ਜੋਸ਼ ਗੁਰਦੁਆਰਾ ਸਾਹਿਬ ਅੰਦਰ ਸਮੁੰਦਰ ਦੀਆਂ ਲਹਿਰਾਂ ਵਾਂਗ ਠਾਠਾਂ ਮਾਰ ਰਿਹਾ ਸੀ। ਅਜਿਹੇ ਸਮੇਂ ਬੱਚਿਆਂ ਤੇ ਮਾਈਆਂ ਦੀ ਸਾਹ-ਘੁਟਵੀਂ ਪੀੜਾ ਕਾਰਨ ਸਿੰਘਾਂ ਦੇ ਖ਼ੂਨ ਉਬਲ ਰਹੇ ਸਨ ਅਤੇ ਸਰਕਾਰ ਦੀ ਇਕ-ਪੱਖੀ ਸਖ਼ਤੀ ਤੇ ਪੁਲਸ ਦੇ ਨਾਜਾਇਜ਼ ਤਸ਼ੱਦਦ ਤੋਂ ਤੜਫ ਰਹੇ ਸਨ। ਇਸ ਤੋਂ ਅਗਲਾ ਕਦਮ ਸਰਕਾਰ ਨੇ ਗੁਰਦੁਆਰਾ ਸਾਹਿਬ ਦੇ ਏਰੀਏ ਵਿਚ ਕਰਫਿਊ ਲਾਉਣ ਦਾ ਚੁਕਿਆ, ਜੋ ਸਿਖ ਧਰਮ ਨਾਲ ਸਰਾਸਰ ਧੱਕਾ ਤੇ ਅਨਿਆਂ ਸੀ।

ਇਸ ਸਖਤੀ ਦਾ ਜ਼ਿਕਰ ਗਿਆਨੀ ਗੁਰਦਿਤ ਸਿੰਘ ਜੀ ਅੱਖੀਂ ਡਿਠੀ ਘਟਨਾ ਦੇ ਅਧਾਰ ਤੇ 'ਸਿੰਘ ਸਭਾ ਪਤ੍ਰਿਕਾ' ਵਿਚ ਲਿਖਦੇ ਹਨ ਕਿ ਇਹ ਗੱਲ ਅਸੀਂ ਸ: ਧੰਨਾ ਸਿੰਘ ਗੁਲਸ਼ਨ (ਸੈਂਟਰਲ ਵਜ਼ੀਰ) ਨੂੰ ਟੈਲੀਫ਼ੋਨ ਤੇ ਦਸੀ। ਉਨ੍ਹਾਂ ਨੇ ਪੂਰੀ ਹਮਦਰਦੀ ਨਾਲ ਗੱਲ ਸੁਣੀ ਤੇ ਦਸਿਆ ਕਿ "ਮੈਂ ਬੰਗਲਾ ਸਾਹਿਬ ਖੁਦ ਜਾ ਕੇ ਆਇਆ ਹਾਂ, ਪਰ ਪੁਲਸ ਨੇ ਅੰਦਰ ਨਹੀਂ ਜਾਣ ਦਿਤਾ।"... ਅਗੇ ਲਿਖਦੇ ਹਨ ਕਿ—ਦੂਜੇ ਦਿਨ ਸਵੇਰੇ ਸ: ਹੁਕਮ ਸਿੰਘ ਜੀ ਨੇ ਸ: ਧੰਨਾ ਸਿੰਘ ਗੁਲਸ਼ਨ ਨਾਲ ਗੱਲ ਕੀਤੀ ਅਤੇ ਉਨ੍ਹਾਂ ਦੇ ਘਰ ਜਾ ਕੇ ਲੈਫ਼ਟੀਨੈਂਟ ਗਵਰਨਰ ਨੂੰ ਵੀ ਹਾਲਤ ਬਾਰੇ ਦਸਿਆ, ਪੁਛਿਆ। ਸ: ਹੁਕਮ ਸਿੰਘ ਜੀ ਨੇ ਗੁਰਦੁਆਰੇ ਉਤੇ ਕਰਫ਼ਿਊ ਲਗਾਉਣ ਦਾ ਸਖਤ ਵਿਰੋਧ ਕੀਤਾ। ਸ: ਧੰਨਾ ਸਿੰਘ ਜੀ ਨੇ ਵੀ ਜ਼ੋਰ ਨਾਲ ਕਿਹਾ ਕਿ ਸਿਖਾਂ ਅਤੇ ਸਰਕਾਰ ਦੇ ਤੁਅੱਲਕਾਤ ਵਿਗੜ ਰਹੇ ਹਨ, ਗੁਰਦੁਆਰਿਆਂ ਤੋਂ ਪੁਲੀਸ ਹਟਾ ਲਵੋ, ਅਤੇ ਜਥੇਦਾਰ ਅਵਤਾਰ ਸਿੰਘ ਕੋਹਲੀ ਜੋ ਬੜੇ ਪ੍ਰਤਿਸ਼ਟ ਅਕਾਲੀ ਲੀਡਰ ਸਨ, ਉਨ੍ਹਾਂ ਦੀ ਅਰਥੀ ਸਮੇਂ ਪੁਲੀਸ ਦਖਲ ਨਾ ਦੇਵੇ। ਲੈਫ਼ਟੀਨੈਂਟ ਗਵਰਨਰ ਸਾਹਿਬ ਨੇ ਜੋ ਕਿਹਾ ਅਤੇ ਅਸਾਂ ਸੁਣਿਆ, ਉਹ ਇਸ ਕਿਸਮ ਦਾ ਸੀ ਕਿ "ਮੇਰੇ ਕੁਝ ਵਸ ਨਹੀਂ, ਤੁਹਾਡੀ ਹਰ ਖਬਰ ਮੈਂ ਉਪਰ ਪਹੁੰਚਾ ਰਿਹਾ ਹਾਂ (ਭਾਵ ਮੁਰਾਰਜੀ ਭਾਈ ਨੂੰ), ਜੋ ਹੁਕਮ ਆਉਂਦਾ ਹੈ ਉਸ ਉਤੇ ਅਮਲ ਕਰਨਾ ਹੀ ਮੇਰਾ ਫ਼ਰਜ਼ ਹੈ।"

ਗਵਰਨਰ ਸਾਹਿਬ ਦੇ ਇਨ੍ਹਾਂ ਸ਼ਬਦਾਂ ਤੋਂ ਸਹਿਜੇ ਹੀ ਗੱਲ ਸਪੱਸ਼ਟ ਹੁੰਦੀ ਹੈ ਕਿ ਸਾਡੀ ਸਰਕਾਰ ਕਿਵੇਂ ਇਕ ਆਚਰਣਹੀਣ ਦੁਰਾਚਾਰੀ ਤੇ ਕਾਤਲ ਨੂੰ ਪਨਾਹ ਦੇ ਕੇ, ਉਸ ਦੇ ਕੁਸੰਗ ਸ਼ਰੇ-ਆਮ ਕਰਵਾ ਰਹੀ ਹੈ ਅਤੇ ਸਿਖਾਂ ਪ੍ਰਤੀ ਈਰਖਾ ਵਾਲੀ ਭਾਵਨਾ ਦੇ ਅਧੀਨ, ਇਕ ਕੁਸੰਗੀ ਤੇ ਦੁਰਾਚਾਰੀ ਟੋਲੇ ਨੂੰ, ਘਟ ਗਿਣਤੀ ਧਰਮ ਦੀ ਆੜ ਹੇਠ ਕਿਸ ਤਰ੍ਹਾਂ ਪਾਲ ਰਹੀ ਹੈ। ਸਰਕਾਰ ਦੇ ਇਸ ਪਖਪਾਤੀ ਰਵਈਏ ਤੋਂ ਉਸ ਦੀ ਕੁਟਲਨੀਤੀ ਸਾਫ ਸਿਧ ਹੋ ਰਹੀ ਹੈ। ਅਸੀਂ ਸਰਕਾਰ ਨੂੰ ਇਹ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਇਹ (ਨਕਲੀ) 'ਨਿਰੰਕਾਰੀ ਮਿਸ਼ਨ'' ਕੋਈ ਧਰਮ ਨਹੀਂ ਹੈ। ਇਨ੍ਹਾਂ ਦੇ ਧਰਮ ਵਾਲੇ ਕੋਈ ਲਛਣ ਨਹੀਂ, ਧਰਮ ਵਾਲੇ ਕੋਈ ਅਸੂਲ ਨਹੀਂ, ਅਤੇ ਨਾ ਹੀ ਇਨ੍ਹਾਂ ਦੀਆਂ ਸਰਗਰਮੀਆਂ ਧਾਰਮਕ ਰੁਚੀ ਵਾਲੀਆਂ ਹਨ। ਸਭ ਧਰਮਾਂ ਤੋਂ ਉਲਟ ਵਾਮ-ਮਾਰਗੀਆਂ ਵਾਂਗ ਇਹ ਇਕ ਵਿਭਚਾਰੀ ਟੋਲਾ ਹੈ, ਜਿਸ ਦਾ ਨਿਸ਼ਾਨਾ ਆਪ ਐਸ਼ ਇਸ਼ਰਤ ਕਰਨਾ ਅਤੇ ਆਚਰਨ-ਹੀਨ ਸਮਾਜ ਪੈਦਾ ਕਰਨਾ ਹੈ। ਇਨ੍ਹਾਂ ਨੂੰ ਖੁਲ੍ਹ ਦੇ ਕੇ



www.AKJ.Org

ਭਾਰਤ ਦੀ ਧਾਰਮਕ ਸਭਿਅਤਾ ਦਾ ਦਿਵਾਲਾ ਕਢਿਆ ਜਾ ਰਿਹਾ ਹੈ। ਜਿਹੜਾ ਕਿ ਜਨਤਾ ਤੇ ਸਰਕਾਰ ਦੋਹਾਂ ਲਈ ਹਾਨੀਕਾਰਕ ਸਿਧ ਹੋਵੇਗਾ।

ਦਿਲੀ ਦੀ ਉਪਰੋਕਤ ਘਟਨਾ ਵਿਚ ਸਰਕਾਰੀ ਪੱਖਪਾਤੀ ਰਵੱਈਏ ਨੂੰ ਵੇਖ ਕੇ ਅਕਾਲੀ ਹਾਈ ਕਮਾਂਡ ਨੇ ਜਨਤਾ ਸਰਕਾਰ ਨਾਲੋਂ ਆਪਣੇ ਸਬੰਧ ਤੋੜ ਲੈਣ ਦਾ ਫ਼ੈਸਲਾ ਕੀਤਾ ਅਤੇ ਸੈਂਟਰ ਦੇ ਦੋਹਾਂ ਵਜ਼ੀਰਾਂ ਤੋਂ ਅਸਤੀਫ਼ੇ ਦੁਆ ਦਿਤੇ। ਇਨ੍ਹਾਂ ਅਸਤੀਫਿਆਂ ਤੋਂ ਸਰਕਾਰ ਹਿਲ ਗਈ ਤੇ ਅੱਖਾਂ ਖੁਲ੍ਹੀਆਂ ਅਤੇ ਅਸਤੀਫ਼ੇ ਵਾਪਸ ਕਰਾਉਣ ਲਈ ਦੌੜ-ਭਜ ਸ਼ੁਰੂ ਕਰ ਦਿਤੀ। ਸਿੱਟੇ ਵਜੋਂ ਇਹ ਤਿੰਨ-ਨੁਕਾਤੀ ਸਮਝੌਤਾ ਹੋਇਆ ਕਿ—

੧. ਦਿਲੀ ਤੋਂ ਗ੍ਰਿਫ਼ਤਾਰ ਕੀਤੇ ੨੬੮ ਸਿੰਘ ਤੁਰਤ ਰਿਹਾ ਕੀਤੇ ਜਾਣਗੇ।

੨. ਨਕਲੀ ਨਿਰੰਕਾਰੀ ਆਗੂ ਦੀ ਨਕਲੋ-ਹਰਕਤ (ਫੇਰੀ ਟੋਰੀ) ਸੀਮਤ ਕੀਤੀ ਜਾਏਗੀ।

੩. 'ਅਵਤਾਰ ਬਾਣੀ' ਤੇ 'ਯੁਗ ਪੁਰਸ਼' ਦੋਹਾਂ ਪੁਸਤਕਾਂ ਵਿਚੋਂ ਇਤਰਾਜ਼ ਯੋਗ ਹਿੱਸੇ ਛਾਣ-ਬੀਣ ਕਰ ਕੇ ਕਢ ਦਿਤੇ ਜਾਣਗੇ।

ਇਸ ਸਮਝੌਤੇ ਤੋਂ ਬਾਅਦ ਅਸਤੀਫ਼ੇ ਵਾਪਸ ਲੈ ਲਏ ਗਏ ਹਨ। ਸਰਕਾਰ ਨੇ ੨੬੮ ਸਿੰਘਾਂ ਵਿਚੋਂ ੨੨੨ ਸਿੰਘ ਛਡ ਦਿਤੇ ਹਨ ਅਤੇ ਬਾਕੀਆਂ ਦੇ ਵੀ ਛਡੇ ਜਾਣ ਦੀ ਆਸ ਹੈ।

ਅਗਲੀਆਂ ਦੋਹਾਂ ਮਦਾਂ ਤੇ ਅਮਲ ਕਰਾਉਣ ਲਈ ਅਕਾਲੀ ਹਾਈ ਕਮਾਂਡ ਨੂੰ ਪੂਰੀ ਤਰ੍ਹਾਂ ਚੌਕਸ ਰਹਿਣਾ ਚਾਹੀਦਾ ਹੈ। ਸਾਰਾ ਸਿਖ-ਜਗਤ ਦੇਖ ਰਿਹਾ ਹੈ ਕਿ ਈਮਾਨਦਾਰੀ ਨਾਲ ਇਸ ਸਮਝੌਤੇ ਤੇ ਅਮਲ ਹੁੰਦਾ ਹੈ? ਅਤੇ ਕਿਸ ਹਦ ਤਕ ਨਕਲੀ ਆਗੂ ਦੀਆਂ ਕਾਰਵਾਈਆਂ ਸੀਮਤ ਕੀਤੀਆਂ ਜਾਂਦੀਆਂ ਹਨ? ਇਸ ਸਮਝੌਤੇ ਉਤੇ ਹੋਏ ਅਮਲ ਤੋਂ ਹੀ ਸਰਕਾਰ ਦੀ ਈਮਾਨਦਾਰੀ ਪਰਖੀ ਜਾਏਗੀ। ਇਸ ਸਮੇਂ ਸਮੂਹ ਗੁਰੂ ਨਾਨਕ ਨਾਮ-ਲੇਵਾ ਸਿਖ-ਸੰਗਤਾਂ ਪਾਸ ਅਪੀਲ ਹੈ ਕਿ ਉਹ ਪੂਰਨ ਸੰਜੀਦਗੀ ਵਿਚ ਰਹਿੰਦਿਆਂ ਹੋਇਆਂ ਆਪਣੇ ਅੰਦਰੂਨੀ ਮਤ-ਭੇਦ ਭੁਲਾ ਕੇ ਇਕ-ਮੁਠ ਹੋ ਜਾਣ ਅਤੇ ਆਪਣੀ ਧਾਰਮਕ ਅਜ਼ਾਦੀ ਨੂੰ ਕਾਇਮ ਰਖਣ ਲਈ ਖੰਡੇ ਦਾ ਅੰਮ੍ਰਿਤ ਪਾਨ ਕਰ ਕੇ ਤਿਆਰ-ਬਰ-ਤਿਆਰ ਹੋ ਜਾਣ। ਇਸ ਦੇ ਨਾਲ ਹੀ ਕੌਮ ਦੇ ਆਗੂਆਂ ਲਈ ਇਹ ਅਤਿਅੰਤ ਜ਼ਰੂਰੀ ਹੈ ਕਿ ਉਪਰੋਕਤ ਫ਼ੈਸਲੇ ਨੂੰ ਤੁਰਤ ਲਾਗੂ ਕਰਵਾਉਣ ਤੇ ਸਾਰਾ ਜ਼ੋਰ ਲਾਉਣ।

---

# ਸ਼ਹੀਦਾਂ ਨੂੰ ਪ੍ਰਣਾਮ

[ ਸ ਦਰਸ਼ਨ ਸਿੰਘ ਸੰਧੂ, ਬਿਹਾਰ ਸਿਖ ਨੌਜਵਾਨ ਸਭਾ, ਮਨੀਫਿਟ (ਜਮਸ਼ੇਦਪੁਰ) ]

ਭਾਣਾ ਵਰਤਿਆ (ਫਿਰ) ਜਗ ਤੇ ਸੋਗ ਛਾਇਆ
ਦੇਖੋ ਕਿਸ ਤਰ੍ਹਾਂ ਰੰਗ ਕਰਤਾਰ ਦੇ ਨੇ।
ਜਿਹੜੇ ਫੱਸਣ ਨਹੀਂ ਦੇਂਦੇ ਅਜ ਕਾਤਲਾਂ ਨੂੰ,
ਉਹੋ ਬੰਦੇ ਨਿਰੰਕਾਰੀਆਂ ਨਾਲ ਦੇ ਨੇ।
ਇਹ ਹੈ ਮੇਲ ਲੁਚਿਆਂ-ਲਫੰਗਿਆਂ ਦਾ,
ਸੁਰਾ ਸੁੰਦਰੀ ਦੀਆਂ ਸਾਂਝਾਂ ਪਾਲਦੇ ਨੇ।
(ਪਰ) ਫਸਣਾ ਚੋਰਾਂ ਦੇ ਸੰਗ ਹਮੈਤੀਆਂ ਵੀ,
ਭਾਵੇਂ ਬੰਦੇ ਇਹ ਉੱਚੇ ਕਿਰਦਾਰ ਦੇ ਨੇ।
ਜਿਹੜੇ ਆਖਦੇ ਅਸੀਂ ਨਿਰੰਕਾਰੀਏ ਹਾਂ,
ਨਰਕਾਧਾਰੀਏ ਕੰਮ ਵਿਭਚਾਰ ਦੇ ਨੇ।
ਆੜ ਲੈ ਨਿਰੰਕਾਰੀਏ ਕੁਕਰਮ ਕਰਦੇ,
ਇਹ ਨਿਰੰਕਾਰੀਏ ਨਹੀਂ, ਵਿਕਾਰੀਏ ਨੇ।

ਜਿਹੜਾ ਕੀਤਾ ਵਿਕਾਰੀਆਂ ਫਿਰ ਕਾਰਾ,
ਸਿੱਖ ਇਸ ਨੂੰ ਸਾਰੇ ਫਿਟਕਾਰਦੇ ਨੇ।
ਅੰਮ੍ਰਿਤਸਰ ਪਿਛੋਂ ਹੁਣ ਕਾਨਪੁਰ ਹੋਇਆ,
(ਇਹ) ਸਾਰੇ ਕੰਮ ਓਸੇ ਬਦਕਾਰ ਦੇ ਨੇ।
ਸੱਚੇ ਗੁਰੂ ਦੇ ਸਿੱਖੋ ਸਚਿਆਰਿਓ ਹੁਣ,
ਤਖਤ ਸਾਹਿਬ ਹੁਕਮ ਫੁਰਮਾਂਵਦੇ ਨੇ।
ਕਰੋ ਤਿਆਗ, ਉਨ੍ਹਾਂ ਗੁਰ-ਦੰਭੀਆਂ ਦਾ,
ਸ਼ਬਦ ਗੁਰੂ ਨੂੰ ਜਿਹੜੇ ਨਕਾਰਦੇ ਨੇ।
ਤੋੜੋ! ਸਾਂਝ ਰੋਟੀਆਂ ਬੇਟੀਆਂ ਦੀ
ਤੋੜੋ! ਨਾਤੇ ਜੋ ਕਈ ਪਰਕਾਰ ਦੇ ਨੇ।
ਹੁਕਮਨਾਮਾ ਹੈ ਪੰਥ ਦੇ ਹਰ ਸਿੱਖ ਲਈ,
(ਜਿਹੜੇ) ਸ਼ਬਦ ਗੁਰੂ ਦਾ 'ਦਰਸ' ਨਿਹਾਰਦੇ ਨੇ।



www.AKJ.Org

# ਨਕਲੀ ਨਿਰੰਕਾਰੀ ਬਾਬੇ ਦਾ ਦਾਅਵਾ

## *ਅੱਧੇ ਸਿਖ ਮੇਰੇ ਚੇਲੇ ਬਣ ਚੁਕੇ ਹਨ–ਦਸਾਂ ਸਾਲਾਂ ਵਿਚ ਸਿਖੀ ਖ਼ਤਮ ਕਰਨ ਦੇ ਸੁਫਨੇ !*

[ਵਲੋਂ—ਗਿ: ਗੁਰਦਿਤ ਸਿੰਘ ਜੀ, ਸੰਪਾਦਕ, ਸਿੰਘ ਸਭਾ ਪਤ੍ਰਿਕਾ, ਸ੍ਰੀ ਅੰਮ੍ਰਿਤਸਰ]

ਇਕ ਲੱਖ ਤੋਂ ਵਧ ਛਪਣ ਵਾਲੇ, ਦਿਲੀ ਦੇ 'ਸਪਤਾਹਿਕ ਹਿੰਦੁਸਤਾਨ' ਹਿੰਦੀ ਵਿਚ ਨਿਰੰਕਾਰੀ ਬਾਬੇ ਦੀ ਇਕ ਮੁਲਾਕਾਤ ਛਪੀ ਹੈ। ਮੁਲਾਕਾਤ ਕਰਨ ਵਾਲੇ ਸ੍ਰੀ ਦੇਵਿੰਦਰ ਰਸਤੋਗੀ ਹਨ। ੨੧ ਅਕਤੂਬਰ ੭੮ ਦੇ ਪਰਚੇ ਸਫਾ ੯ ਕਾਲਮ ਚਾਰ ਵਿਚ 'ਬਾਬੇ' ਗੁਰਬਚਨ ਸਿੰਘ ਵਲੋਂ ਪੂਰੇ ਰੋਹਬ ਵਿਚ ਫੁਰਮਾਏ ਇਹ ਅੱਖਰ ਧਿਆਨ ਨਾਲ ਪੜ੍ਹਨ ਵਾਲੇ ਹਨ :

> "ਨਿਰੰਕਾਰੀ ਸਮਾਜ ਕੇ ਉਦਾਰਵਾਦੀ ਦ੍ਰਿਸ਼ਟੀਕੋਣ ਕੀ ਸਭ ਨੇ ਸ਼ਲਾਘਾ ਕੀ ਹੈ। ਪੰਜਾਬ ਮੇਂ ਅਧਿਕ ਸੰਖਿਆ ਮੇਂ ਸਿਖ ਇਸ ਸਮਾਜ ਕੇ ਸਦੱਸਯ ਬਨ ਰਹੇ ਹੈਂ। ਪੰਜਾਬ ਕਾ ਲਗ ਭਗ ੫੦ ਪ੍ਰਤੀਸ਼ਤ ਮਤ ਦਾਤਾ ਹਮਾਰਾ ਸਮਰਥਕ ਹੈ। ੧੯੭੭ ਕੇ ਚੁਨਾਵ ਮੇਂ ਹਮ ਨੇ ਜਨਤਾ ਪਾਰਟੀ ਕਾ ਸਮਰਥਨ ਕੀਆ ਥਾ। ਚੁਨਾਵ ਮੇਂ ਅਕਾਲੀ ਅਪਨੀ ਸਰਕਾਰ ਬਨਾ ਸਕੇ ਹੈਂ। ਚੁਨਾਵ ਕੇ ਸਮਯ ਅਕਾਲੀ ਵ ਜਨਤਾ ਪਾਰਟੀ ਕੇ ਅਨੇਕ ਨੇਤਾ ਹਮਾਰਾ ਸਮਰਥਨ ਤਥਾ ਆਸ਼ੀਰਵਾਦ ਪ੍ਰਾਪਤ ਕਰਨੇ ਕੇ ਲੀਏ ਨਿਰੰਕਾਰੀ ਭਵਨ ਤਕ ਆਏ ਥੇ।"

ਬਾਬਾ ਜੀ ਕਾ ਵਿਚਾਰ ਹੈ ਕਿ ਪੰਜਾਬ ਮੇਂ ਜਿਸ ਤੇਜ਼ੀ ਸੇ ਨਿਰੰਕਾਰੀ ਸਮਾਜ ਕਾ ਪ੍ਰਚਾਰ ਹੋ ਰਿਹਾ ਹੈ ਔਰ ਸਿਖ ਇਸ ਸਮਾਜ ਮੇਂ ਸ਼ਾਮਲ ਹੋ ਰਹੇ ਹੈਂ ਇਸ ਰਫਤਾਰ ਸੇ ਅਕਾਲੀ ਨੇਤਾ ਪਰੇਸ਼ਾਨ ਔਰ ਭਯ ਭੀਤ ਹੋ ਉਠੇ ਹੈਂ। ਉਨੇਂ ਭਯ ਹੈ ਕਿ ਇਸ ਰਫ਼ਤਾਰ ਸੇ ਅਗਲੇ ਦਸ ਸਾਲੋਂ ਮੇਂ ਅਕਾਲੀਓਂ ਕੀ ਸੰਖਯਾ ਬਹੁਤ ਥੋੜੀ ਰਹਿ ਜਾਏਗੀ। ਇਸ ਸੇ ਕੁਝ ਅਕਾਲੀ ਨੇਤਾਓਂ ਕਾ ਸਿਖ ਹੋਮਲੈਂਡ ਕਾ ਸਵਪਨ ਨ ਕੇਵਲ ਮਿਟੀ ਮੇਂ ਮਿਲ ਜਾਏਗਾ, ਵਰਨਾ ਅਗਲੇ ਆਮ ਚੁਨਾਵ ਮੇਂ ਪੰਜਾਬ ਮੇਂ ਅਕਾਲੀ ਨਹੀਂ ਬਨ ਪਾਏਂਗੇ। ਬਾਬਾ ਜੀ ਕਾ ਦਾਅਵਾ ਹੈ ਕਿ ਯਦਿ ਪੰਜਾਬ ਮੇਂ ਫਿਰ ਸੇ ਚੁਨਾਵ ਕਰਾ ਦੀਏ ਜਾਏਂ ਤੋ ਅਕਾਲੀ ਸਤਾ ਮੇਂ ਨਹੀਂ ਆ ਸਕਤੇ।... ...

...ਬਾਬਾ ਜੀ ਨੇ 'ਅਕਾਲੀ ਸਰਕਾਰ ਕੇ ਨਿਰੰਕਾਰੀ ਭਵਨੋਂ ਕੋ ਤਾਲੇ ਲਗਾਨੇ ਔਰ ਨਿਰੰਕਾਰੀਓਂ ਕੀ ਕਾਰਵਾਈ ਕੋ ਰੋਕਨੇ" ਪਰ ਸਰਕਾਰ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ "ਮੁਰਾਰ ਜੀ ਭਾਈ ਕੇ ਗਵਰਨਰੀ ਰਾਜ ਕੇ ਸੰਕੇਤ ਦੇਨੇ ਸੇ ਅਕਾਲੀਓਂ ਕੇ ਦੋ ਗੁਟ ਹੋ ਗਏ ਹੈਂ। ਮੁਖ ਮੰਤਰੀ ਕਾ ਗੁਟ ਜੋ ਸਤਾ ਮੇਂ ਹੈ, ਤਥਾ ਸਮਝਦਾਰ ਹੈ, ਵਹਿ ਇਸ ਸੰਪ੍ਰਦਾਇਕਤਾ ਕੇ ਵਿਰੁਧ ਡਟ ਗਯਾ ਹੈ। ਯਹਿ ਗੁਟ ਸੰਵਿਧਾਨ ਕਾ ਆਦਰ ਕਰਨੇ ਕਾ ਆਗ੍ਰਿਹ ਕਰਤਾ ਹੈ, ਜਬਕਿ ਦੂਸਰਾ ਗੁਟ ਨਿਰੰਕਾਰੀਓਂ ਕੇ ਖ਼ਿਲਾਫ਼ ਜਹਾਦ ਛੇੜਨੇ ਕੀ ਬਾਤ ਕਰਤਾ ਹੈ।"

(ਸਫਾ ੧੦, ਕਾਲਮ ੧, ਸਪਤਾਹਕ ਹਿੰਦੁਸਤਾਨ)

ਨਿਰੰਕਾਰੀ ਬਾਬੇ ਦੀ ਇਸ ਅਖਬਾਰ ਵਿਚ ਛਪੀ ਇਸ ਲੰਮੀ ਮੁਲਾਕਾਤ ਵਿਚੋਂ ਇਹ ਕੁਝ ਕੁ ਵਾਕ ਹਨ ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ 'ਬਾਵਾ' ਜੀ ਕਿਸ ਦੁਨੀਆਂ ਵਿਚ ਰਹਿੰਦੇ ਹਨ ਅਤੇ ਉਨ੍ਹਾਂ ਦੇ ਹਮਾਇਤੀ ਕਿਸ ਕਾਰਨ ਉਨ੍ਹਾਂ ਦੀ ਨਜਾਇਜ਼ ਪਿਠ ਠੋਕ ਰਹੇ ਹਨ। ਸਿਖਾਂ ਦੇ ਵਜੂਦ ਤੇ ਰਾਜਸੀ ਸ਼ਕਤੀ ਦੀ ਅਭਿਲਾਸ਼ਾ ਕਿਸ ਤਰ੍ਹਾਂ ਦਸ ਸਾਲਾਂ ਤਕ ਖ਼ਤਮ ਕਰ ਦੇਣ ਦੀ ਨੀਤੀ ਤੇ ਚਲਦੇ ਹੋਏ ਸਿੱਖ



www.AKJ.Org

ਵਿਰੋਧੀ ਅਨਸਰਾਂ ਨੂੰ ਖੁਸ਼ ਕਰ ਕੇ ਸੋਚੀ ਸਮਝੀ ਸਕੀਮ ਨਾਲ ਉਹ ਆਪਣਾ ਜਾਲ ਵਿਛਾ ਰਹੇ ਹਨ।

ਪੰਜਾਬ ਦੇ 'ਮਹਾਸ਼ਾ ਅਖ਼ਬਾਰਾਂ' ਤੇ ਭਾਰਤੀ ਸਰਕਾਰ ਅੰਦਰ ਬੈਠੀਆਂ 'ਹਿੰਦੂ ਹਿੰਦੀ ਹਿੰਦੁਸਤਾਨ' ਦੇ ਸੁਪਨਿਆਂ ਨੂੰ ਸਾਕਾਰ ਕਰਨ ਵਾਲੀਆਂ ਸਤਾਧਾਰੀ ਸ਼ਕਤੀਆਂ ਵਲੋਂ ਜ਼ੋਰ ਦਿਤਾ ਜਾ ਰਿਹਾ ਹੈ, ਕਿ ਨਿਰੰਕਾਰੀ ਵੀ ਇਕ ਧਾਰਮਕ ਘਟ-ਗਿਣਤੀ ਹਨ, ਸਿੱਖ ਉਨ੍ਹਾਂ ਨੂੰ ਪ੍ਰਚਾਰ ਦੀਆਂ ਖੁਲ੍ਹਾਂ ਨਾ ਦੇ ਕੇ ਅਨਿਆਂ ਕਰ ਰਹੇ ਹਨ। ਅਖੇ ! ਜੇ ਸਿੱਖਾਂ ਨੂੰ ਆਪਣੇ ਧਰਮ ਈਮਾਨ ਦੇ ਪ੍ਰਚਾਰ ਦੀ ਖੁਲ੍ਹ ਹੈ ਤਾਂ ਨਿਰੰਕਾਰੀਆਂ ਨੂੰ ਕਿਉਂ ਨਾ ਹੋਵੇ ? ਸਿੱਖਾਂ ਨੂੰ ਅਖ-ਬਾਰਾਂ ਵਿਚ 'ਅਕਾਲੀ' ਜਾਂ ਨਿਹੰਗ ਆਖ ਕੇ ਸਿੱਖਾਂ ਦੀਆਂ ਦੋ ਸੰਪਰਦਾਵਾਂ ਵਿਚ ਵਿਖਾਂਧ ਅਤੇ ਕਲੇਸ਼ ਦਿਖਾਇਆ ਜਾ ਰਿਹਾ ਹੈ। ਕੇਵਲ ਇਹ ਸਿਧ ਕਰਨ ਲਈ ਕਿ ਇਹ ਸਿਖਾਂ ਦੀਆਂ ਸੰਪਰਦਾਵਾਂ ਹਨ ਤੇ ਦੋਵੇਂ ਇਕੋ ਜਿਹੀਆਂ ਹੀ ਸਮਝੀਆਂ ਜਾਣ। ਸਰਕਾਰ ਦੀ ਨੀਤੀ ਤਾਂ ਨਿਆਂ ਕਰਨਾ ਹੈ ਤੇ ਅਕਾਲੀਆਂ ਅਰਥਾਤ ਸਿਖਾਂ ਨੇ ਉਨ੍ਹਾਂ ਦਾ ਵਿਰੋਧ ਕਰ ਕੇ ਖ਼ਾਹਮਖ਼ਾਹ ਵਧੀਕੀ ਅਰੰਭੀ ਹੋਈ ਹੈ, ਸ਼ਾਇਦ ਏਸ ਕਾਰਨ ਕਿ ਉਨ੍ਹਾਂ ਦਾ ਅਕਾਲੀ ਪਾਰਟੀ ਦਾ ਪੰਜਾਬ ਵਿਚ ਰਾਜ ਕਾਜ ਹੈ। ਭਾਵੇਂ ਰਾਜ ਉਤੇ ਜਨਸੰਘੀ ਨੀਤੀਆਂ ਛਾਈਆਂ ਹੋਈਆਂ ਹਨ। ਬੇਸ਼ਕ ਨਿਰੰਕਾਰੀ ਬਾਬੇ ਨੇ ਮੁਖ ਮੰਤਰੀ ਜੀ ਦੀ ਸਿਆਣਪ ਤੇ ਆਪਣੇ ਹਿਮਾਇਤੀ ਹੋਣ ਦਾ ਵੱਡਾ ਭਰੋਸਾ ਪ੍ਰਗਟਾਇਆ ਹੈ ਅਤੇ ਨਾਲ ਨਾਲ ਇਹ ਵੀ ਸ਼ੱਕ ਪ੍ਰਗਟਾਇਆ ਹੈ ਕਿ ਅਤਿਵਾਦੀਆਂ ਦੇ ਦਬਾਉ ਕਾਰਨ ਮੁਖ ਮੰਤਰੀ ਨਿਰੰਕਾਰੀਆਂ ਨੂੰ ਪੂਰੀ ਖੁਲ੍ਹ ਨਹੀਂ ਦੇ ਰਹੇ। (ਹੋਰ ਪਤਾ ਨਹੀਂ ਕਿੰਨੀ ਕੁ ਖੁਲ੍ਹ ਚਾਹੁੰਦੇ ਹਨ) । ਨਿਰੰਕਾਰੀ ਬਾਬੇ ਨੇ ਇਸ ਲੇਖ ਵਿਚ ਆਪਣੀ ਉਮਤ ਦੀ ਗਿਣਤੀ ਇਕ ਕਰੋੜ ਦੇ ਕਰੀਬ ਦਸੀ ਹੈ। ਸਿਖ ਭੀ ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਇੰਨੇ ਕੁ ਹੀ ਹਨ। ਗਿਣਤੀ ਦੇ ਲਿਹਾਜ਼ ਨਾਲ ਨਿਰੰਕਾਰੀਆਂ ਨੂੰ ਨਕਲੀ ਕਹੋ ਜਾਂ ਭੇਖੀ, ਸਰਕਾਰ ਦੀ ਨਿਗਾਹ ਵਿਚ ਸਿਖਾਂ ਦੇ ਬਰਾਬਰ ਦੀ ਗਿਣਤੀ ਹੋ ਗਈ ਹੈ। ਨਿਰੰਕਾਰੀ ਬਾਬਾ ਆਉਂਦੇ ਦਸ ਸਾਲ ਤਕ ਸਿਖੀ ਦੇ ਵਜੂਦ ਨੂੰ ਵੀ ਖਤਮ ਕਰ ਦੇਣ ਦੇ ਪ੍ਰੋਗਰਾਮ ਦੀ ਪੂਰਤੀ ਲਈ ਦਿਨ ਰਾਤ ਇਕ ਕਰਕੇ ਲਗੇ ਹੋਏ ਹਨ। ਬਿਨਾਂ ਝਿਜਕ ਕਿਹਾ ਜਾ ਸਕਦਾ ਹੈ ਕਿ ਸਿਖ-ਵਿਰੋਧੀ ਤਾਕਤਾਂ ਉਨ੍ਹਾਂ ਦੇ ਇਸ ਕੰਮ ਦੇ ਪਿਛੇ ਲਾਮਬੰਦ ਹਨ। ਜ਼ਮਾਨੇ ਨੂੰ ਪਤਾ ਲਗ ਚੁਕਿਆ ਹੈ ਕਿ ਸਰਕਾਰੀ ਮਿਲਵਰਤਣ ਹਰ ਪੱਧਰ ਉਤੇ ਇਸ 'ਸਿਖ ਮਾਰੂ' ਸ਼ਕਤੀ ਨੂੰ ਪ੍ਰਾਪਤ ਹੈ, ਜਿਸ ਦੇ ਸਦਕੇ ਸਿੱਖਾਂ ਨੂੰ ਰਾਜਸੀ ਅਤੇ ਸਮਾਜਕ ਤੌਰ ਤੇ ਪੰਜਾਬ ਵਿਚੋਂ ਖ਼ਤਮ ਕਰਨਾ ਹੈ।

ਜਿਸ ਲਗਨ ਤੇ ਜੁਗਤ ਨਾਲ ਇਹਨਾ 'ਪੰਥ ਧਰੋਹੀ' ਸ਼ਕਤੀਆਂ ਨੇ ਪ੍ਰਚਾਰ ਅਰੰਭਿਆ ਹੋਇਆ ਹੈ, ਕੋਈ ਵੱਡੀ ਗੱਲ ਨਹੀਂ ਕਿ ਪੰਜਾਬ ਵਿਚੋਂ ਉਨ੍ਹਾਂ ਸਿੱਖਾਂ ਦਾ, ਜਿਨ੍ਹਾਂ ਨੂੰ ਇਹ ਹੁਣ ਬਰਾਬਰ ਦੀ ਗਿਣਤੀ ਸਮਝਦੇ ਹਨ, ਸਫ਼ਾਇਆ ਕਰਨ ਦੀ ਕਲਪਨਾ ਪੂਰੀ ਕਰ ਦਿਖਾਉਣ, ਕਿਉਂਕਿ ਸਿਖਾਂ ਦੀ ਧਾਰਮਕ ਜਥੇਬੰਦੀ ਤੇ ਸ਼ਕਤੀ ਕੇਂਦਰਤ ਨਹੀਂ, ਸ੍ਰ: ਅਕਾਲੀ ਦਲ ਸਿਖਾਂ ਦੀ ਰਾਜਸੀ ਪਾਰਟੀ ਹੈ—ਜਿਸ ਲਈ ਇਸ ਵਾਰੀ ਕਾਂਗਰਸ-ਵਿਰੋਧੀ ਹੜ੍ਹ ਵਿਚ ਗੈਰ-ਸਿੱਖਾਂ ਦੀ ਚੋਣਾਂ ਵਿਚ ਮਦਦ ਕੀਤੀ ਹੈ। ਸ੍ਰ: ਕਮੇਟੀ ਦੇ ਵੋਟਰ ਬਣਨੇ ਵਿਚ ਕਈ ਗੈਰ ਅਕੀਦੇ ਦੇ ਸਿਖ ਵੀ ਵੋਟਰ ਹੁੰਦੇ ਹਨ, ਜਿਨ੍ਹਾਂ ਦੇ ਚੁਣੇ ਮੈਂਬਰਾਂ ਉਤੇ ਉਹਨਾਂ ਦਾ ਪ੍ਰਭਾਵ ਪੈਂਦਾ ਹੈ। ਸਿੱਖਾਂ ਵਿਚ ਧਾਰਮਕ ਕੇਂਦਰੀ ਸੰਸਥਾ ਦੀ ਸਖਤ ਅਤੇ ਪ੍ਰਬਲ ਸ਼ਕਤੀ ਵਾਲੀ ਕੇਂਦਰੀ ਸੰਸਥਾ ਨਾ ਹੋਣ ਕਾਰਨ, ਦੂਜੇ ਸ੍ਰੀ ਅਕਾਲ ਤਖਤ ਦੀ ਸ਼ਕਤੀ ਤੇ ਨਾਲ ਦੇ ਤਖਤਾਂ ਨਾਲ ਸਹਿਮੇਲ ਦੀ ਘਾਟ ਕਾਰਨ, ਸਿਖਾਂ ਦੀ ਇਕ ਮਰਯਾਦਾ ਨਾ ਹੋਣ ਕਰਕੇ, ਧਰਮ ਪ੍ਰਚਾਰ ਦੇ ਨਾਂ ਹੇਠ ਕਈ ਹੋਰ ਗੁਟ ਖੜੇ ਹੋ ਰਹੇ ਹਨ ਤੇ ਕਈ ਪੁਰਾਣੇ ਖ਼ਤਮ ਹੋਏ ਸਿਰ ਚੁਕ ਰਹੇ ਹਨ। ਸਿਖੀ ਵਿਚ ਗੁਟਬਾਜ਼ੀ ਪਹਿਲਾਂ ਹੀ ਜ਼ੋਰਾਂ ਉਤੇ ਹੈ।

ਸਿੱਖਾਂ ਵਿਚੋਂ ਪੈਦਾ ਹੋਏ ਵਿਰੋਧੀਆਂ ਵਿਚੋਂ



www.AKJ.Org

ਅੱਧੀ ਗਿਣਤੀ ਖਾ ਜਾਣ ਦਾ ਦਾਅਵਾ ਤਾਂ ਇਕੱਲੇ ਨਿਰੰਕਾਰੀਆਂ ਦਾ ਹੀ ਹੈ, ਜੇ ਇਸ ਵਿਚ ਨਾਮਧਾਰੀ; ਰਾਧਾ ਸਵਾਮੀ ਅਤੇ ਵਖੋ ਵਖਰੇ ਹੋਰ ਕਈ ਗੁਟਾਂ ਦੀ ਗਿਣਤੀ ਨੂੰ ਗਿਣਿਆ ਜਾਵੇ, ਜਿਨ੍ਹਾਂ ਨੂੰ ਖੁਸ਼ ਕਰਨ ਲਈ ਕੁਝ ਲੋਕ ਉਨ੍ਹਾਂ ਗੁਟਾਂ ਨੂੰ 'ਸਿੱਖ ਸੰਪਰਦਾਵਾਂ' ਦਾ ਨਾਂ ਦਿੰਦੇ ਹਨ, ਇਹਨਾਂ ਦੇ ਅੰਕੜੇ ਸਾਰੇ ਇਕੱਠੇ ਕਰ ਲਏ ਜਾਣ, ਤਾਂ ਗੁਰੂ ਗੋਬਿੰਦ ਸਿੰਘ ਦੇ ਸਿਖ ਜਾਂ ਖਾਲਸਾ ਪੰਥ ਦੇ ਸਿੱਧੇ ਸਿੱਖ ਕਿੰਨੇ ਕੁ ਰਹਿ ਜਾਂਦੇ ਹਨ ?

ਕੁਝ ਅਰਸੇ ਤੋਂ ਸਿਖਾਂ ਵਿਚ ਰਾਜਸੀ ਸ਼ਕਤੀ ਧਰਮ ਨਾਲੋਂ ਪਿਆਰੀ ਹੋ ਗਈ ਹੈ । ਰਾਜਨੀਤੀ ਧਰਮ ਉਤੇ ਹਾਵੀ ਕਰੀ ਰਖਣ ਦੇ ਰਾਹ ਉਤੇ ਸਿਖ ਆਗੂ ਚਲਦੇ ਰਹੇ ਹਨ । ਜਿਸ ਕਾਰਨ ਦੰਭੀਆਂ, ਸਾਧਾਂ, ਭੇਖੀ ਗੁਰੂ ਖਾਸ ਕਰ ਨਿਰੰਕਾਰੀ ਬਾਬੇ ਨੂੰ 'ਸਤਿਗੁਰੂ' ਲਿਖ ਲਿਖ ਕੇ ਉਸ ਦੀਆਂ ਵੋਟਾਂ ਲਈ ਹਾਜ਼ਰੀਆਂ ਵੀ ਭਰਨੀਆਂ ਪਈਆਂ । ਚੋਣਾਂ ਸਮੇਂ ਵੋਟਾਂ ਲਈ ਜੋ ਕਾਰਵਾਈ ਕੀਤੀ ਅਤੇ ਲਿਖਤਾਂ ਲਿਖੀਆਂ ਗਈਆਂ, ਅਸ਼ੀਰਵਾਦਾਂ ਤੇ ਥਾਪੜੇ ਲਏ ਗਏ, ਨਿਰੰਕਾਰੀਆਂ ਦੇ ਇਕੱਠਾਂ ਵਿਚ ਲੀਡਰਾਂ ਨੇ ਜਾ ਕੇ ਨਿਰੰਕਾਰੀਆਂ ਨੂੰ ਆਪਣੇ ਮਤ ਦੇ ਪ੍ਰਚਾਰ ਦੇ ਪ੍ਰੋਗਰਾਮ ਲਈ ਉਤਸ਼ਾਹਤ ਕੀਤਾ, ਇੰਜ ਹੱਥੀਂ ਦਿੱਤੀਆਂ ਹੁਣ ਦੰਦੀਂ ਖੋਲ੍ਹਣੀਆਂ ਪੈ ਰਹੀਆਂ ਹਨ । 'ਬਾਬੇ' ਦੇ ਚੇਲੇ ਸਿਖ ਲੀਡਰਾਂ ਨੂੰ ਵਰਗਲਾ ਕੇ ਆਪਣੀ ਸਾਜ਼ਸ਼ ਰਚਣ ਵਿਚ ਸਫਲ ਹੁੰਦੇ ਰਹੇ । ਸਿੱਟਾ ਇਹ ਨਿਕਲਿਆ ਹੈ ਕਿ ਇਸ ਬਾਬਾ ਜੀ ਨੇ ਆਉਂਦੇ ੧੦ ਸਾਲਾਂ ਵਿਚ ਸਿੱਖਾਂ ਦੇ ਖ਼ਾਤਮੇ ਤੇ ਇਨ੍ਹਾਂ ਦਾ ਰਾਜਸੀ ਬਲ ਤੇ ਭਾਵਨਾ ਮਿਟਾ ਦੇਣ ਦੀ ਗੁਝੀ ਸਾਜ਼ਸ਼ ਐਲਾਨੀਆ ਪ੍ਰਗਟ ਕਰ ਦਿਖਾਈ ਹੈ । ਇਸ ਭੇਖੀ ਬਾਬੇ ਦੀ ਚਮਤਕਾਰੀ ਅਸ਼ੀਰਵਾਦ ਨਾਲ ਵੋਟਾਂ ਹਾਸਲ ਕਰ ਕੇ ਪੰਜਾਬ ਵਿਚ ਸਰਕਾਰ ਰਚ ਦੇਣ ਦਾ ਦਾਅਵਾ 'ਬਾਬੇ' ਦਾ ਕਿੰਨਾ ਕੁ ਸੱਚਾ ਚਮਤਕਾਰ ਹੈ ? ਕੀ ਬਾਕੀ ਰਾਜਾਂ ਵਿਚ ਵੀ ਜਨਤਾ ਪਾਰਟੀ ਏਸ 'ਬਾਬੇ' ਨੇ ਜਿਤਾਈ ? ਜਿਵੇਂ 'ਬਾਬਾ ਕਹਿੰਦਾ ਹੈ—"ਹੁਣ ਆਉਂਦੇ ਸਾਲਾਂ ਵਿਚ ਇਹ ਸਰਕਾਰ ਹੀ ਨਹੀਂ, ਬਲਕਿ ਦਸਾਂ ਸਾਲਾਂ ਵਿਚ ਸਿੱਖਾਂ ਦੇ ਰਾਜ ਕਾਜ ਦੇ ਸੁਪਨੇ ਖ਼ਤਮ ਹੋ ਜਾਣਗੇ ।" ਕੀ ਜਿਥੇ ਜਨਤਾ ਪਾਰਟੀ ਹਾਰ ਜਾਂਦੀ ਹੈ ਉਥੇ ਬਾਬੇ ਦੀ ਅਸ਼ੀਰਵਾਦ ਨਾ ਹੋਣ ਕਾਰਨ ਹਾਰਦੀ ਹੈ ਜਾਂ ਹਾਰੇਗੀ?

ਸਾਰੇ ਹਾਲਾਤ ਨੂੰ ਦੇਖਦਿਆਂ ਵਿਚਾਰਨ ਵਾਲਾ ਪਹਿਲੂ ਇਹ ਹੈ ਕਿ ਇਸ ਚੇਤਾਵਨੀ ਨੂੰ ਖਾਲਸਾ ਪੰਥ ਨੇ ਕਬੂਲ ਕਰਨਾ ਹੈ ਕਿ, ਪਹਿਲਾਂ ਵਾਂਗ ਦੜ ਵੱਟ ਕੇ ਹੀ ਗੁਜ਼ਰ ਹੀ ਕਰਨੀ ਹੈ ? ਜੇ ਇਹ ਹਮਲਾ ਦਰ-ਗੁਜ਼ਰ ਹੀ ਕਰਨਾ ਹੈ ਤਾਂ ਬਿੱਲੀ ਨੂੰ ਦੇਖ ਕੇ ਅੱਖਾਂ ਮੀਟਣ ਵਾਲੀ ਗੱਲ ਹੋਵੇਗੀ । ਜੇ ਵੰਗਾਰਨਾ ਹੈ ਤਾਂ ਕਿਸ ਤਰ੍ਹਾਂ ? ਕਿਸੇ ਰਣ-ਮੈਦਾਨ ਜਾਂ ਯੁਧ-ਭੂਮੀ ਵਿਚ ਤਾਂ ਇਹ ਲੜਾਈ ਲੜੀ ਨਹੀਂ ਜਾ ਰਹੀ ਹੈ, ਇਹ ਲੜਾਈ ਧਰਮ ਪ੍ਰਚਾਰ ਦੀ ਹੈ । ਪ੍ਰਚਾਰ ਲਈ ਕੀ ਢੰਗ ਵਰਤੇ ਜਾਣ, ਸਾਨੂੰ ਸਾਰੇ ਸਾਧਨ ਇਸ ਨੁਕਤੇ ਉਤੇ ਕੇਂਦਰਤ ਕਰਨ ਦੀ ਲੋੜ ਹੈ :—

੧. ਅਕਾਲ ਤਖ਼ਤ ਦੇ ਹੁਕਮਨਾਮੇ ਅਤੇ ਅਕਾਲ ਤਖ਼ਤ ਦੇ ਸਰਵ ਸੁਪਰੀਮ ਹੋਣ ਦੀ ਗੱਲ ਸਿਖਾਂ ਵਿਚ ਪ੍ਰਮਾਣਤ ਤਾਂ ਹੈ, ਪਰ ਜਿਤਨੇ ਜਲੌ ਤੇ ਜਲਾਲ ਵਾਲੀ ਚਾਹੀਦੀ ਹੈ ਉਜਿਹੀ ਅਸੀਂ ਨਹੀਂ ਬਣਾ ਸਕੇ, ਜਿਸ ਨਾਲ ਜਥੇਦਾਰ ਸਾਹਿਬ ਦੀ ਸ਼ਖਸੀਅਤ ਅਜਿਹੀ ਚਮਕਦਾਰ ਹੋਵੇ ਜੋ ਹੋਰਨਾਂ ਵਿਅਕਤੀਆਂ ਦੀਆਂ ਅੱਖਾਂ ਚੁੰਧਿਆ ਦੇਵੇ । ਤਖ਼ਤ ਸਾਹਿਬਾਨ ਦੇ ਜਥੇਦਾਰ ਦੀ ਪਦਵੀ ਦੀ ਮਹੱਤਤਾ ਧਾਰਮਕ ਖੇਤਰ ਵਿਚ ਸਰਵੋਂਚ ਹੋਵੇ, ਚੋਣ-ਵਿਧੀ ਅਜਿਹੀ ਹੋਵੇ ਜਿਸ ਕਾਰਨ ਪੰਥ ਵਿਚੋਂ ਮਹਾਨ ਗੁਰਸਿੱਖ ਇਹਨਾਂ ਪਦਵੀਆਂ ਤੇ ਸਥਾਪਤ ਕੀਤੇ ਜਾ ਸਕਣ । ਇਸੇ ਢੰਗ ਨਾਲ ਹੀ ਵਿਅਕਤੀਵਾਦ ਨੂੰ ਕੋਈ ਠੱਲ੍ਹ ਪਵੇਗੀ, ਨਹੀਂ ਤਾਂ ਸ਼ਖਸੀ ਪੂਜਾ ਵਧੇਗੀ ਨਕਲੀ ਗੁਰੂ ਤੇ ਚੇਲੇ ਬਣਦੇ ਰਹਿਣਗੇ । ਇਸ ਲਈ ਵਿਧੀ ਨਾਲ ਬੁਨਿਆਦੀ ਢਾਂਚੇ ਨੂੰ ਸੋਧਣਾ ਪਵੇਗਾ ।

ਇਸ ਵੇਲੇ ਵੱਡਾ ਤੇ ਤਤਕਾਲ ਅਮਲ ਵਿਚ ਲਿਆਉਣ ਵਾਲਾ ਇਕ ਅੰਗ ਜ਼ਰੂਰੀ ਹੈ ਕਿ ਅਕਾਲ ਤਖਤ ਤੇ ਹੁਕਮਨਾਮੇ ਦੀ ਮਹਾਨਤਾ



www.AKJ.Org

ਸਵੀਕਾਰ ਕਰਦੇ ਹੋਏ ਅਸੀਂ ਕੌਮੀ ਪੱਧਰ ਉਤੇ ਪਿਛੇ ਹੋਈਆਂ ਭੁੱਲਾਂ ਤੇ ਕੋਤਾਹੀਆਂ ਦਾ ਪ੍ਰਭਾਵ ਦੂਰ ਕਰਨ ਲਈ ਇਕ ਪ੍ਰਾਸ਼ਚਿਤ ਦਿਨ ਮਨਾਈਏ, ਸਾਡੇ ਪਾਸੋਂ ਇਸ ਪਖੋਂ ਕਈ ਗਲਤੀਆਂ ਹੋਈਆਂ ਹਨ। ਸਾਰਾ ਸਿਖ ਸਮਾਜ ਕਈ ਵਰ੍ਹੇ ਤੋਂ ਇਹ ਗੁਰੂ-ਡੰਮ ਬਰਦਾਸ਼ਤ ਕਰਦਾ ਆ ਰਿਹਾ ਹੈ। ਇਸ ਗੁਨਾਹ ਦਾ ਕੁਫਰ ਤਦ ਹੀ ਦੂਰ ਹੋ ਸਕਦਾ ਹੈ ਕਿ ਸਿਖ ਕੌਮ ਪ੍ਰਾਸਚਿਤ ਦਿਵਸ ਮਨਾ ਕੇ ਦੁਨੀਆ ਨੂੰ ਦੱਸੇ ਕਿ ਸਿਖ ਪਿਛਲੀ ਕੋਤਾਹੀ ਛੱਡ ਕੇ ਅਗੇ ਨੂੰ ਸਮਝ ਕੇ ਚਲਣ ਦਾ ਰਾਹ ਅਖ਼ਤਿਆਰ ਕਰ ਰਹੇ ਹਨ। ਕਿਹਾ ਚੰਗਾ ਹੋਵੇ ਜੇ ਸਿਖਾਂ ਦੇ ਉਹ ਆਗੂ ਇਸ ਅਮਲ ਵਿਚ ਪਹਿਲ ਕਰਨ, ਜਿਨ੍ਹਾਂ ਵਿਚੋਂ ਇਸ ਕੌਮ-ਮਾਰੂ ਦੰਭੀ ਨੂੰ 'ਸਤਿਗੁਰੂ' ਲਿਖਣ ਜਾਂ ਬੋਲਣ ਦੀ ਅਚੇਤ ਹੀ ਭੁੱਲਾਂ ਹੋਈਆਂ ਹਨ। ਇਸ ਤਰ੍ਹਾਂ ਅਕਾਲ ਤਖਤ ਦੀ ਮਹਾਨਤਾ ਅਸੀਂ ਵਡੀ ਕਰਾਂਗੇ, ਲੋਕਾਂ ਸਾਹਮਣੇ ਤਖਤ ਸਾਹਿਬ ਦੀ ਵਡਿਆਈ ਪ੍ਰਗਟ ਹੋਵੇਗੀ, ਹੁਕਮਨਾਮੇ ਦੀ ਮਹੱਤਤਾ ਵਧੇਗੀ। ਭੇਖੀ ਗੁਰੂਆਂ ਦੇ ਦੰਭ ਤੋਂ ਸਿਖ, ਜਨ-ਸਮੂਹ ਨੂੰ ਬਚਾਉਣ ਲਈ ਉਨ੍ਹਾਂ ਦੇ ਜਾਲ ਵਿਚ ਫਸਿਆਂ ਨੂੰ ਛੁਡਾਉਣ ਲਈ ਪ੍ਰਚਾਰ ਦਾ ਅਜਿਹਾ ਤੂਫਾਨ ਖੜਾ ਕਰਨ ਦੀ ਲੋੜ ਹੈ, ਜਿਸ ਨਾਲ ਸਿਖ ਸਮਾਜ ਦੇ ਸਾਰੇ ਟਾਹਣੇ ਹਲੂਣੇ ਜਾਣ।

੨. ਸਿਖ ਸੰਗਤਾਂ ਵਿਚ ਵਿਚਰਨ ਵਾਲੇ ਗ੍ਰੰਥੀਆਂ, ਪ੍ਰਚਾਰਕਾਂ ਤੇ ਪੰਥ-ਹਿਤੈਸ਼ੀਆਂ ਦੇ ਟਰੇਨਿੰਗ ਕੈਂਪ ਜੇ ਬਹੁਤੇ ਨਹੀਂ ਤਾਂ ਇਕ ਇਕ ਦਿਨ ਦੇ ਲਗਾ ਕੇ ਉਨ੍ਹਾਂ ਨੂੰ ਲੋੜੀਂਦੀ ਸਮੱਗਰੀ ਨਾਲ ਸਨੱਧ-ਬੱਧ ਕੀਤਾ ਜਾਵੇ।

੩. ਪੰਜਾਬ ਦੇ ਹਰੇਕ ਗੁਰਦੁਆਰੇ ਵਿਚ ਇਕ ਦਿਨ ਦਾ "ਸ਼ਬਦ-ਗੁਰੂ-ਸਮਾਗਮ" ਜ਼ਰੂਰ ਕੀਤਾ ਜਾਵੇ ਅਤੇ ਇਤਿਹਾਸਕ ਥਾਵਾਂ ਉਤੇ ਸਜ ਰਹੇ ਦੀਵਾਨਾਂ ਵਿਚ ਮੁਖ ਵਿਸ਼ਾ ਗੁਰੂ-ਦੰਭ ਦੀ ਮੁਹਿੰਮ ਨੂੰ ਪਛਾੜਨ ਦਾ ਰਖਿਆ ਜਾਵੇ।

੪. ਪੰਜਾਬ ਦੇ ਹਰ ਤਹਿਸੀਲ ਤੇ ਥਾਣੇ ਵਿਚ ਸ਼ਬਦ-ਗੁਰੂ-ਸਮਾਗਮ ਕੀਤੇ ਜਾਣ। ਇਹਨਾਂ ਸਮਾਗਮਾਂ ਵਿਚ ਲਛੇਦਾਰ ਭਾਸ਼ਣਾਂ ਨੂੰ ਛਡ ਕੇ ਤੱਥ-ਅਧਰਤ-ਸਮੱਗਰੀ ਪ੍ਰਗਟਾਈ ਤੇ ਦ੍ਰਿੜ੍ਹਾਈ ਜਾਵੇ। ਥਾਂ ਥਾਂ ਕਵੀ ਦਰਬਾਰ ਏਸ ਸਮੱਸਿਆ ਨੂੰ ਮੁਖ ਰਖ ਕੇ ਕੀਤੇ ਜਾਣ, ਜਿਨ੍ਹਾਂ ਦਾ ਬੁੱਢਿਆਂ ਤੋਂ ਲੈ ਕੇ ਨੌਜਵਾਨਾਂ ਉਪਰ ਬਹੁਤ ਗੂੜ੍ਹਾ ਅਸਰ ਪੈਂਦਾ ਹੈ।

੫. ਅਜਿਹੇ ਪੰਥ ਸੇਵਕਾਂ ਦੇ ਕਈ ਦਸਤੇ ਤਿਆਰ ਕੀਤੇ ਜਾਣ, ਜੋ ਸਿਖ ਰੂਪ ਦੇ ਧਾਰਨੀ ਪਰ ਨਿਰੰਕਾਰੀ ਬਣੇ ਸਿਖਾਂ ਨੂੰ ਸਮਝਾ ਬੁਝਾ ਕੇ ਪੰਥ ਦੀ ਸ਼ਰਨੀ ਲਾਉਣ। ਇਹ ਪ੍ਰੋਗਰਾਮ ਸ਼੍ਰੋ: ਅਕਾਲੀ ਦਲ ਤੇ ਅਕਾਲੀ ਜੱਥਿਆਂ, ਸਿਘ ਸਭਾਵਾਂ ਵਲੋਂ ਚਲਾਇਆ ਜਾਣਾ ਠੀਕ ਰਹੇਗਾ। ਸਮਾਜ ਸ਼ਾਸਤ੍ਰੀਆਂ ਨੇ ਅਧਿਐਨ ਕੀਤਾ ਹੈ ਕਿ ਵਰਤਮਾਨ ਪੰਥਕ ਜਥੇਬੰਦੀ 'ਗੈਰ ਜੱਟ' ਸਿਖਾਂ ਨੂੰ ਸਨਮਾਨ ਵਾਲੀ ਥਾਂ ਨਾ ਮਿਲਣ ਕਾਰਨ, ਅਲਪ ਜਾਤੀਆਂ ਦੇ ਲੋਗ ਵਧੇਰੇ ਦੰਭੀ ਗੁਰੂਆਂ ਦੇ ਚੇਲੇ ਬਣਦੇ ਹਨ, ਇਸ ਭਾਂਤ ਦੇ ਉਠ ਰਹੇ ਨੁਕਤਿਆਂ ਵਲ ਵੀ ਅਮਲੀ ਤੌਰ ਤੇ ਧਿਆਨ ਦਿਤਾ ਜਾਵੇ ਤੇ ਸਭਨਾਂ ਨੂੰ ਮਹਿਸੂਸ ਕਰਾਇਆ ਜਾਵੇ ਕਿ ਖਾਲਸਾ ਪੰਥ ਸਭ ਦਾ ਸਾਂਝਾ ਹੈ।

੬. ਛੋਟੇ ਛੋਟੇ ਪੈਂਫਲਿਟਾਂ, ਇਸ਼ਤਿਹਾਰਾਂ ਦੀਆਂ ਲੜੀਆਂ ਜਾਰੀ ਕਰ ਕੇ ਲੱਖਾਂ ਦੀ ਤਾਦਾਦ ਵਿਚ ਪੰਜਾਬੀ, ਹਿੰਦੀ ਅਤੇ ਲੋੜੀਂਦੇ ਅੰਗਰੇਜ਼ੀ ਵਿਚ ਛਾਪੇ ਜਾਣ, ਜਿਨ੍ਹਾਂ ਵਿਚ ਸਹੀ ਪੱਖ ਪੇਸ਼ ਕੀਤਾ ਜਾਵੇ। ਇਹ ਮੁਹਿੰਮ ਦੋ ਤਿੰਨ ਸਾਲ ਜਾਰੀ ਰੱਖੀ ਜਾਵੇ। ਸਾਰੇ ਸਿਖ ਵਿਦਵਾਨ ਵਿਚਾਰਵਾਨ ਆਪਣੇ ਫਰਜ਼ ਪਛਾਨਣ ਅਤੇ ਅਖਬਾਰਾਂ ਤੇ ਮਾਸਕ ਪਤਰ ਆਦਿਕ ਵੀ ਵਧੀਕ ਸਫ਼ੇ ਤੇ ਕਾਲਮ ਇਸ ਪਾਸੇ ਲਗਾਉਣ।

੭. ਇਸ ਪ੍ਰਚਾਰ-ਮੁਹਿੰਮ ਨੂੰ ਚਲਾਉਣ ਲਈ ਸਮੂਹ ਪੰਥਕ ਜਥਿਆਂ ਅਤੇ ਸਿਖ ਸੰਸਥਾਵਾਂ ਵੱਲੋਂ ਮਿਲਵਰਤੋਂ ਲੈਣ ਵਾਸਤੇ ਇਕ ਸੁਤੰਤਰ ਪ੍ਰਚਾਰ-ਵਿਭਾਗ ਖੋਲ੍ਹਿਆ ਜਾਵੇ, ਜਿਸ ਦੀਆਂ ਸ਼ਾਖ਼ਾਂ ਵੱਖੋ-



www.AKJ.Org

ਵਖਰੀਆਂ ਥਾਵਾਂ ਤੇ ਹੋਣ । ਉਹ ਵਿਭਾਗ ਹਰ ਕਿਸਮ ਦੇ ਸਮਾਗਮਾਂ ਵਿਚ, ਭਾਵੇਂ ਉਹ ਸੰਸਥਾਵਾਂ ਦੇ ਹੋਣ ਜਾਂ ਜਥਿਆਂ ਦੇ, ਅਜਿਹੀ ਸਮੱਗਰੀ ਪ੍ਰਚਾਰਨ ਲਈ ਲੜੀਂ ਦੇ ਪ੍ਰਬੰਧ ਤਟਾ ਫਟ ਕਰਾਏ।

ਸਾਡੇ ਕਈ ਸਮਾਗਮ ਕੇਵਲ 'ਕੀਰਤਨ ਸਮਾਗਮ' ਹੀ ਹੁੰਦੇ ਹਨ, ਉਹ ਹੀ ਠੀਕ ਹਨ, ਪਰ ਕਈ ਥਾਈਂ ਕਥਾ ਤੇ ਵਖਿਆਨ ਕਰਨ ਵਾਲਿਆਂ ਨੂੰ ਵੀ ਹਦਾਇਤਾਂ ਹੋ ਜਾਂਦੀਆਂ ਹਨ ਕਿ 'ਧਾਰਮਕ, ਜਾਣੀ ਅ ਤਮਕ-ਮਸਲਿਆਂ ਤੋਂ ਬਿਨਾਂ ਕੁਝ ਹੋਰ ਪ੍ਰਬੰਧਕਾਂ ਦੇ ਪੁਛੇ ਬਿਨਾਂ ਨਹੀਂ ਬੋਲਣਾ।' ਇਹ ਵੀ ਗੁਰੂ-ਡੰਮ-ਵਿਰੋਧੀ ਪ੍ਰਚਾਰ ਤੇ ਪਾਬੰਦੀ ਹੈ । ਸ੍ਰੋ: ਕਮੇਟੀ ਆਸ਼ਾ ਹੈ, ਲੜੀਂ ਦੀ ਸਮੱਗਰੀ ਛ ਪਣ ਲਈ ਖਰਚ ਅਤੇ ਸਾਧਨ ਦੇਵੇਗੀ, ਹੋਰ ਵੀ ਪੰਥਕ ਸੰਸਥਾਵਾਂ, ਸਿੰਘ ਸਭਾਵਾਂ ਵੀ ਆਪਣਾ ਫ਼ਰਜ਼ ਪਛਾਨਣ, ਤਾਂ ਜੁ ਸਫਲਤਾ ਵਧੇਰੇ ਅਤੇ ਫਲਦਾਇਕ ਤੇ ਵਿਆਪਕ ਤੌਰ ਤੇ ਮਿਲੇ।

੮. ਪੰਜਾਬ ਸਰਕਾਰ ਨੂੰ ਹੁਣ ਚਾਹੀਦਾ ਹੈ ਕਿ ਉਹ 'ਯੁਗ ਪੁਰਸ਼' ਅਤੇ 'ਅਵਤਾਰ ਬਾਣੀ' ਕਿਤਾਬਾਂ ਬਾਰੇ ਐਕਸ਼ਨ ਲਵੇ । ਘੱਟੋ ਘੱਟ ਇਹ ਤਾਂ ਕਿਹਾ ਜਾ ਸਕਦਾ ਹੈ ਕਿ ਜਿਤਨਾ ਚਿਰ ਗੁਰ-ਨਿੰਦਿਆ ਵਾਲੇ ਭਾਗ ਇਨ੍ਹਾਂ ਕਿਤਾਬਾਂ ਵਿਚੋਂ ਕੱਢ ਨਹੀਂ ਦਿਤੇ ਜਾਂਦੇ, ਉਤਨਾ ਚਿਰ ਇਹ ਕਿਤਾਬਾਂ ਜ਼ਬਤ ਕਰ ਲਈਆਂ ਹਨ।

ਨਿਰੰਕਾਰੀ ਬਾਬੇ ਨੇ ਕਿਹਾ ਹੈ, "ਮੈਂ ਸਭਨਾਂ ਧਰਮਾਂ ਦਾ ਸਤਿਕਾਰ ਕਰਦਾ ਹਾਂ", ਜਿਤਨਾ ਚਿਰ ਹੋਰ ਧਰਮਾਂ ਬਾਰੇ ਨਿੰਦਿਆ ਭਰੇ ਵਾਕ ਤੇ ਬਕਵਾਸ ਕੱਢ ਨਹੀਂ ਲਈ ਜਾਂਦੀ ਉਤਨਾ ਚਿਰ ਇਹ ਹਾਥੀ ਦੇ ਦੰਦਾਂ ਵਾਂਗ ਦਿਖਾਉਣ ਵਾਲੇ ਹੋਰ ਤੇ ਖਾਣ ਵਾਲੇ ਹੋਰ ਹੀ ਹਨ । ਇਹ ਮਸਲਾ ਹੁਣ ਕਿਸੇ ਗੁਟ ਦਾ ਨਹੀਂ ਰਹਿ ਗਿਆ, ਸਮੂਹ ਪੰਥ ਦੀ ਚਿੰਤਾ ਤੇ ਭਵਿਸ਼ ਇਸ ਨਾਲ ਨੱਥੀ ਹੈ। ਕੇਂਦਰੀ ਸਿੰਘ ਸਭਾ ਨੇ ਸ਼ਬਦ-ਗੁਰੂ ਸਮਾਗਮਾਂ ਦੀ ਲੜੀ ਅਰੰਭੀ ਹੋਈ ਹੈ, ਇਹ ਵਧੇਰੇ ਤੇਜ਼ ਹੋ ਸਕਦੀ ਹੈ ਜੇ ਪੰਥਕ ਸੰਸਥਾਵਾਂ ਦੇ ਪ੍ਰਬੰਧਕ ਮਿਲਵਰਤਣ ਦੇਣ। ਆਪ ਸਮਾਗਮ ਕਰਨ ਅਤੇ ਹੋਰਨਾਂ ਤੋਂ ਕਰਾਉਣ।

[ਸਿੰਘ ਸਭਾ ਪਤ੍ਰਿਕਾ, ਨਵੰਬਰ ੧੯੭੮

# ਅਖੰਡ ਕੀਰਤਨੀ ਜੱਥੇ ਦੇ ਪ੍ਰਤੀਨਿਧ ਦੇ ਨਾਂ ਭੇਜੋ ਜੀ

੧. ਜਲੰਧਰ ਵਲੋਂ ਜੋ ਪ੍ਰਤੀਨਿਧ ਅਗੇ ਭੇਜਿਆ ਗਿਆ ਸੀ, ਉਨ੍ਹਾਂ ਨੇ ਆਪਣੀਆਂ ਮਜਬੂਰੀਆਂ ਕਾਰਨ ਅਸਤੀਫ਼ਾ ਭੇਜ ਦਿਤਾ ਹੈ। ਇਸ ਲਈ ਜ਼ਿਲਾ ਜਲੰਧਰ ਵਲੋਂ ਅਖੰਡ ਕੀਰਤਨੀ ਜਥੇ ਦੇ ਪ੍ਰਤੀਨਿਧ ਦੀ ਚੋਣ ਕਰ ਕੇ ਕੇਂਦਰੀ ਦਫ਼ਤਰ ਨੂੰ ਛੇਤੀ ਭੇਜਣ ਦੀ ਕਿਰਪਾ ਕਰੋ ਜੀ।

੨. ਚੰਡੀਗੜ੍ਹ ਵਲੋਂ ਜੋ ਪ੍ਰਤੀਨਿਧ ਚੁਣਿਆ ਗਿਆ ਸੀ, ਉਹ ਪਰਦੇਸ ਚਲੇ ਗਏ ਹਨ। ਇਸ ਲਈ ਉਨ੍ਹਾਂ ਦੀ ਥਾਂ ਨਵਾਂ ਪ੍ਰਤੀਨਿਧ ਚੁਣ ਕੇ ਕੇਂਦਰੀ ਦਫ਼ਤਰ ਨੂੰ ਸੂਚਨਾ ਦੇਣ ਦੀ ਕਿਰਪਾ ਕਰੋ ਜੀ।

੩. ਲੁਧਿਆਣਾ ਜ਼ਿਲੇ ਵਲੋਂ ਅਜੇ ਤਕ ਪ੍ਰਤੀਨਿਧ ਦਾ ਨਾਂ ਨਹੀਂ ਪੁਜਿਆ । ਸੋ ਜ਼ਿਲਾ ਲੁਧਿਆਣਾ ਦੇ ਅਖੰਡ ਕੀਰਤਨੀ ਜਥੇ ਚੋਣ ਕਰ ਕੇ ਆਪਣੇ ਪ੍ਰਤੀਨਿਧ ਦਾ ਨਾਮ ਛੇਤੀ ਹੀ ਭੇਜਣ ਦੀ ਕਿਰਪਾ ਕਰਨ।

ਸੰਗਤਾਂ ਦਾ ਦਾਸਰਾ—ਰਾਮ ਸਿੰਘ (ਜਥੇਦਾਰ)

ਅਖੰਡ ਕੀਰਤਨੀ ਜਥਾ (ਕੇਂਦਰੀ ਦਫ਼ਤਰ), ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

# ਭਾਈ ਸਾਹਿਬ ਜੀਵਨ ਸਿੰਘ ਜੀ ਹਜ਼ੂਰੀ ਰਾਗੀ ਪਟਨਾ ਸਾਹਿਬ

ਅਜ ਕਲ੍ਹ ਕੈਨੇਡਾ ਵਿਚ ਪੁਜੇ ਹੋਏ ਹਨ। ਕੀਰਤਨ ਦੀਆਂ ਟੇਪਾਂ ਮੰਗਾਉਣ ਵਾਲੇ ਸਜਣ ਹੇਠ ਲਿਖੇ ਪਤੇ ਤੇ ਭਾਈ ਸਾਹਿਬ ਨੂੰ ਲਿਖਣ ਅਤੇ ਟੇਪਾਂ ਦੀ ਮਾਇਆ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੂੰ ਭੇਜਣ।

ਭਾਈ ਜੀਵਨ ਸਿੰਘ ਜੀ, 48, Windor Street. Vancouver-B.C.



www.AKJ.Org

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਚਰਨਾਂ ਵਿਚ ਸ਼ਰਧਾ ਦੇ ਫੁੱਲ

(ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ, ਗੁੜਗਾਉਂ)

ਹਿੰਦੋਸਤਾਨ ਦੇ ਸੋਹਣੇ ਇਤਿਹਾਸ ਅੰਦਰ, ਤੇਰੀ ਜ਼ਿੰਦਗੀ ਦਾ ਸੋਹਣਾ ਬਾਬ ਲਿਖਿਆ।
ਏਸ ਬਾਬ ਵਿਚ ਸੋਨੇ ਦੇ ਹਰਫ਼ ਉਕਰੇ, ਜੋ ਕੁਝ ਲਿਖਿਆ ਏ ਬੇ-ਹਿਸਾਬ ਲਿਖਿਆ।
ਲਿਖਿਆ ਨਾਲ ਸਿਆਹੀ ਦੇ ਨਹੀਂ ਡਿੱਠਾ, ਨਾਲ ਮੋਤੀਆਂ ਲਾਲਾਂ ਦੀ ਆਬ ਲਿਖਿਆ।
ਏਸ ਆਬ ਦੇ ਵਗਦੇ ਵਹਿਣ ਅੰਦਰ, ਮੁਗ਼ਲ-ਰਾਜ ਦਾ ਬੇੜਾ ਗ਼ਰਕਾਬ ਲਿਖਿਆ।
ਦਾਤਾ ! ਦਰਦੀਆ ਤੇਰਾ ਹੀ ਕੰਮ ਹੈਸੀ, ਦੇਸ਼ ਕੌਮ ਲਈ ਆਪਾ ਨਿਸਾਰ ਕਰਨਾ।
ਪਰਲੋ ਤੀਕ ਵੀ ਕੋਈ ਉਮੀਦ ਹੀ ਨਹੀਂ, ਕਿਸੇ ਆਣ ਏਦਾਂ ਪਰਉਪਕਾਰ ਕਰਨਾ।੧।

ਤੇਰੇ ਜਜ਼ਬੇ ਪਿਆਰ ਦੇ ਜਾਗ ਉੱਠੇ, ਰੋਂਦੇ ਜਦੋਂ ਦੁਖੀਏ ਜ਼ਾਰ ਜ਼ਾਰ ਡਿੱਠੇ।
ਗੈਰਤ ਅਣਖ ਨੇ ਆਣ ਵੰਗਾਰ ਪਾਈ, ਕਰਦੇ ਜਦੋਂ ਕਸ਼ਮੀਰੀ ਪੁਕਾਰ ਡਿੱਠੇ।
ਤੱਕੀ ਧਰਮ ਦੀ ਬੇੜੀ ਮੰਝਧਾਰ ਅੰਦਰ, ਦੇਵੀ ਦੇਵਤੇ ਕਰਦੇ ਨ ਪਾਰ ਡਿੱਠੇ।
ਯੋਗੀ ਸੰਤ ਮਹਾਤਮਾਂ ਹੋਏ ਗ਼ਾਇਬ ਸੁੱਤੇ ਦੇਸ਼ ਦੇ ਬੀਰ ਬਲਵਾਨ ਡਿੱਠੇ।
ਡਿੱਠਾ ਕੋਈ ਵੀ ਨਹੀਂ ਜੋ ਲਾਏ ਬੰਨੇ, ਕੱਢੇ ਧਰਮ ਦਾ ਬੇੜਾ ਮੰਝਧਾਰ ਵਿਚੋਂ।
ਪੀਰ ਵਲੀ ਅਜਿਹਾ ਨਾ ਨਜ਼ਰ ਆਇਆ, ਏਸ ਵਸ ਰਹੇ ਸਾਰੇ ਸੰਸਾਰ ਵਿਚੋਂ।੨।

ਰਾਜ ਯੋਗੀਆ ! ਆਪ ਹੀ ਉਠ ਤੁਰਿਓਂ, ਸੀਨੇ ਖਿੱਚ ਉਪਕਾਰ ਦੀ ਖਾ ਕੇ ਤੇ।
ਤਖ਼ਤ ਬਖ਼ਤ ਅਤੇ ਐਸ਼ਵਰਜ ਸਾਰੇ, ਖ਼ਾਤਰ ਧਰਮ ਦੀ ਗਇਓਂ ਲੁਟਾ ਕੇ ਤੇ।
ਤੇਗ਼ ਜ਼ੁਲਮ ਵਾਲੀ ਖੁੰਢੀ ਕਰਨ ਖ਼ਾਤਰ, ਸੀਸ ਆਪਣਾ ਢਾਲ ਬਣਾ ਕੇ ਤੇ।
ਲਾਈ ਮੁਗ਼ਲ ਸਮਰਾਟ ਦੇ ਨਾਲ ਟੱਕਰ ਸ਼ਾਂਤਿ ਯੁਧ ਦਾ ਬਿਗਲ ਵਜਾ ਕੇ ਤੇ।
ਸਿਰ ਤੇ ਚਾੜ੍ਹ ਔਰੰਗੇ ਦਾ ਪਾਪ ਸਾਰਾ, ਹਾਰ ਕੀਮਤੀ ਸਾਸਾ ਦਾ ਤੋੜ ਦਿਤਾ।
ਮੁਗ਼ਲ ਰਾਜ ਸੱਤਾਂ ਪਾਤਸ਼ਾਹੀਆਂ ਦਾ, ਬੇੜਾ ਭਰਿਆ ਮੰਝਧਾਰ ਵਿਚ ਰੋੜ ਦਿਤਾ।੩।

ਹੁਣ ਵੀ ਦਿੱਲੀ ਦੇ ਦਿਲੋਂ ਪਈ ਵਾਜ ਆਵੇ, ਇੱਟ ਇੱਟ ਪਈ ਏਦਾਂ ਪੁਕਾਰਦੀ ਏ।
ਕਰ ਕੇ ਚਾਨਣਾ ਚਾਂਦਨੀ ਚੌਕ ਅੰਦਰ, ਅਰਸ਼ੀ ਜੋਤ ਕੋਈ ਚਮਕਾਂ ਮਾਰਦੀ ਏ।
ਏਸ ਜੋਤ ਦੇ ਵਿਚ ਸਾਖਿਆਤ ਮੂਰਤ ਬੈਠੀ ਦਿਸਦੀ ਸੋਹਣੀ ਸਰਕਾਰ ਦੀ ਏ।
ਏਸ ਮੂਰਤ ਨੂੰ ਰਿਦੇ ਬਿਠਾਲ ਦੁਨੀਆ, ਹੀਰੇ ਮੋਤੀਆਂ ਦੇ ਥਾਲ ਵਾਰਦੀ ਏ।
ਜਦੋਂ ਤੀਕ ਪ੍ਰਿਥਵੀ ਸੂਰਜ ਚੰਨ ਤਾਰੇ, 'ਮਿੱਤਰ' ਕਾਇਮ ਕੁਦਰਤੀ ਨਜ਼ਾਮ ਰਹਿਸੀ।
ਸ਼ਹਿਨਸ਼ਾਹ ਸ਼ਹੀਦਾਂ ਦਾ ਸਦਾ ਤੈਨੂੰ, ਕਰਦਾ ਭਾਰਤ ਇਹ ਸਦਾ ਪਰਨਾਮ ਰਹਿਸੀ।੪।

---

# ਯੂ. ਕੇ. ਇੰਗਲੈਂਡ ਵਿਖੇ ਸ੍ਰੀ ਅਖੰਡਪਾਠ ਅਤੇ ਅਖੰਡ ਕੀਰਤਨ

੨੫–੨੬–੨੭ ਦਸੰਬਰ ਨੂੰ ਅਖੰਡ ਕੀਰਤਨੀ ਜਥਾ ਯੂ. ਕੇ. ਰਜਿਸਟ੍ਰਡ ਵਲੋਂ ਹੇਠ ਲਿਖੇ ਪਤੇ ਤੇ ਸ੍ਰੀ ਅਖੰਡ ਪਾਠ ਤੇ ਅਖੰਡ ਕੀਰਤਨ ਹੋ ਰਹੇ ਹਨ। ਯੂ. ਕੇ. ਦੀਆ ਸੰਗਤਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਗੁਰਬਾਣੀ ਦੇ ਅੰਮ੍ਰਿਤ-ਰਸ ਨੂੰ ਮਾਨਣ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ।

H. S. Sarai, 110-A, Luton Road, chatham-Kent (U.K.)
Phone-Medway (0634) 407547



www.AKJ.Org

# ਸਿਖ-ਧਰਮ ਵਿਚ ਸ਼ਹਾਦਤ

[ ਭਾਈ ਰਜਿੰਦਰ ਸਿੰਘ ਜੀ ਡਬਲ ਐਮ.ਏ., ਮੋਸ਼ੀ, ਅਫ਼ਰੀਕਾ ]

ਸਿੱਖ-ਧਰਮ ਵਿਚ 'ਸ਼ਹਾਦਤ' ਦੇ ਦੋ ਢੰਗ ਅਪਣਾਏ ਗਏ ਹਨ : ਸ਼ਾਂਤ-ਰਸ ਵਾਲਾ ਅਤੇ ਦੂਜਾ ਬੀਰ-ਰਸ ਵਾਲਾ। ਪਹਿਲੇ ਵਿਚ ਸੱਚ ਦੇ ਮਾਰਗ ਦਾ ਪਾਂਧੀ ਹੱਥ ਨਹੀਂ ਉਠਾਂਦਾ, ਆਪਣੀ ਧੁਨ ਵਿਚ ਮਗਨ ਜਬਰ ਸਹਿੰਦਾ ਹੋਇਆ ਰਜ਼ਾ ਵਿਚ ਰਾਜ਼ੀ ਰਹਿੰਦਾ ਹੋਇਆ ਸ਼ਹੀਦ ਹੋ ਜਾਂਦਾ ਹੈ। ਦੂਜੇ ਵਿਚ ਉਹ ਸਚਾਈ ਦੇ ਰਾਹ ਤੇ ਚਲਦਾ ਹੈ, ਵੈਰੀ ਦਾ ਟਾਕਰਾ ਜੰਗ ਦੇ ਮੈਦਾਨ ਵਿਚ ਕਰਦਾ ਹੋਇਆ ਪੁਰਜ਼ਾ ਪੁਰਜ਼ਾ ਕੱਟ ਮਰਦਾ ਹੈ। ਸ਼ਹਾਦਤ ਦੇ ਇਹ ਰੂਪ ਦੋ ਹਨ, ਪਰ ਉਦੇਸ਼ ਇਕ--ਪ੍ਰਭੂ-ਪ੍ਰਾਪਤੀ।

ਸਤਿਗੁਰੂ ਸਿੱਖ ਨੂੰ ਅਰੰਭ ਵਿਚ ਹੀ ਸੁਚੇਤ ਕਰ ਦਿੰਦੇ ਹਨ ਕਿ ਸਿੱਖੀ ਦਾ ਪੈਂਡਾ ਬੜਾ ਔਖਾ ਤੇ ਕਰੜਾ ਹੈ--ਖੰਡੇ ਦੀ ਧਾਰ ਨਾਲੋਂ ਤਿੱਖਾ ਅਤੇ ਵਾਲ ਨਾਲੋਂ ਨਿਕਾ ਹੈ। ਇਹ ਪ੍ਰੇਮ ਦੀ ਗਲੀ ਹੈ। ਇਸ ਵਿਚ ਪ੍ਰਵੇਸ਼ ਕਰਦਿਆਂ ਸਾਰ ਹੀ ਸਿਰ ਤਲੀ ਉਤੇ ਰੱਖ ਲਓ, ਕਿਉਂਕਿ ਪਤਾ ਨਹੀਂ ਕਿਸ ਵੇਲੇ ਮੌਤ ਦੀ ਗੋਦ ਵਿਚ ਜਾਣਾ ਪੈ ਜਾਵੇ :--

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥

[ਸਲੋਕ ਵਾਰਾਂ ਤੇ ਵਧੀਕ, ਪੰਨਾ ੧੪੧੨

ਗੁਰੂ ਜੀ ਆਪਣੇ ਸਿਖ ਨੂੰ ਉਪਦੇਸ਼ ਦਿੰਦੇ ਹਨ ਕਿ ਸੂਰਮਾ ਹੱਕ ਦੇ ਬਦਲੇ ਮੌਤ ਤੋਂ ਵੀ ਨਹੀਂ ਘਬਰਾਉਂਦਾ। ਅਜਿਹੇ ਬਹਾਦਰ ਦਾ ਮਰਨਾ ਪ੍ਰਮਾਤਮਾ ਦੀ ਦਰਗਾਹ ਵਿਚ ਪ੍ਰਵਾਣ ਹੁੰਦਾ ਹੈ :

ਮਰਣੁ ਮੁਣਸਾ ਸੂਰਿਆ ਹਕੁ ਹੈ,
ਜੋ ਹੋਇ ਮਰਨਿ ਪਰਵਾਣੋ ॥

[ਵਡਹੰਸੁ ਮ: ੧, ਪੰਨਾ ੫੭੯-੮੦

ਆਪਣੇ ਧਰਮ ਦੀ ਰੱਖਿਆ ਅਤੇ ਦੂਜਿਆਂ ਦੇ ਧਰਮ ਨੂੰ ਬਚਾਉਣ ਲਈ, ਪਰਉਪਕਾਰ ਦੇ ਗਾਡੀ-ਰਾਹ ਤੇ ਚੱਲਦਿਆਂ ਹੋਇਆਂ, ਸਤਿਗੁਰੂ ਨੇ ਹੋਰ ਸਰੂਪ ਵਿਚ ਸ਼ਾਂਤਮਈ ਸ਼ਹਾਦਤ ਦਿਤੀ--

ਠੀਕਰਿ ਫੋਰਿ ਦਿਲੀਸ ਸਿਰਿ, ਪ੍ਰਭ ਪੁਰ ਕੀਯਾ
ਪਯਾਨ ॥ ਤੇਗ ਬਹਾਦਰ ਸੀ ਕ੍ਰਿਆ, ਕਰੀ
ਨ ਕਿਨਹੂੰ ਆਨ ॥੧੫॥(੫)

[ਬਚਿਤ੍ਰ ਨਾਟਕ, ਪਾਤਸ਼ਾਹੀ ੧੦

ਇਕ ਪੁਰਖ ਨੂੰ ਗਿਆਨ ਹੋ ਜਾਂਦਾ ਹੈ ਕਿ ਇਸ ਦੇਹ ਨੇ ਸਦਾ ਲਈ ਸਥਿਰ ਨਹੀਂ ਰਹਿਣਾ। ਇਸ ਕੱਚੇ ਭਾਂਡੇ ਨੇ ਇਕ ਦਿਨ ਬਿਨਸ ਜਾਣਾ ਹੈ। ਇੰਜ ਉਹ ਉਪਰਾਮ ਹੋ ਕੇ ਵਾਹਿਗੁਰੂ-ਜਸ-ਰੂਪੀ-ਨਈਆ ਵਿਚ ਚੜ੍ਹ ਕੇ ਭੈ ਦੇ ਸਮੁੰਦਰ ਨੂੰ ਤਰਨ ਦਾ ਯਤਨ ਕਰਦਾ ਹੈ :--

ਦੇਹ ਅਨਿੱਤ ਨ ਨਿੱਤ ਰਹੈ,
ਜਸੁ ਨਾਵ ਚੜੈ ਭਵ ਸਾਗਰ ਤਾਰੈ ॥੨੪੯੨॥

[ਦਸਮ ਗ੍ਰੰਥ, ਕ੍ਰਿਸ਼ਨਾਵਤਾਰ

ਅਕਾਲ ਪੁਰਖ ਭੈ-ਰਹਿਤ ਹੈ। ਇਹ ਇਕ ਮਨੋ-ਵਿਗਿਆਨਕ ਸੱਚਾਈ ਹੈ ਕਿ ਜਿਸ ਨੂੰ ਅਸੀਂ ਯਾਦ ਕਰਦੇ ਰਹਿੰਦੇ ਹਾਂ, ਉਸ ਦੇ ਗੁਣ ਸਾਡੇ ਵਿਚ ਪ੍ਰਵੇਸ਼ ਹੋਣ ਲਗ ਜਾਂਦੇ ਹਨ। ਉਸ ਨਿਰਭਉ ਨਾਲ ਲਿਵ ਜੋੜਨ ਵਾਲੇ ਮਨੁਖ ਦੇ ਸਾਰੇ ਡਰ ਤੇ ਭੈ ਦੂਰ ਹੋ ਜਾਂਦੇ ਹਨ :--

ਜਿਨ ਨਿਰਭਉ ਜਿਨ ਹਰਿ ਨਿਰਭਉ
ਧਿਆਇਆ ਜੀ ਤਿਨ ਕਾ ਭਉ ਸਭੁ
ਗਵਾਸੀ.. ੩॥

[ਆਸਾ ਮ: ੪ ਸੋ ਪੁਰਖ, ਪੰਨਾ ੧੧



www.AKJ.Org

ਮੌਤ ਬਹਾਦਰ ਤੋਂ ਡਰਦੀ ਹੈ। ਸੂਰਬੀਰ ਨੂੰ ਇਸ ਦੇ ਭਿਆਨਕ ਪੰਜੇ ਦਾ ਕੋਈ ਡਰ ਨਹੀਂ ਹੁੰਦਾ। ਜਗਤ ਭਾਵੇਂ ਇਸ ਦੇ ਨਾਂ ਤੋਂ ਥਰ ਥਰ ਕੰਬਦਾ ਹੈ ਪ੍ਰੰਤੂ ਸੂਰਮਾ ਮੌਤ ਦੇ ਦਰਵਾਜ਼ੇ ਰਾਹੀਂ ਲੰਘ ਕੇ ਪਰਮਾਨੰਦ ਨੂੰ ਪ੍ਰਾਪਤ ਕਰਨ ਲਈ ਹਰ ਘੜੀ ਉਤਾਵਲਾ ਰਹਿੰਦਾ ਹੈ:

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ
ਆਨੰਦੁ॥ ਮਰਨੇ ਹੀ ਤੇ ਪਾਈਐ, ਪੂਰਨੁ
ਪਰਮਾਨੰਦੁ ॥੨੨॥

[ਸਲੋਕ ਕਬੀਰ ਜੀ, ਪੰਨਾ ੧੩੬੫

"ਬਹਾਦਰ ਇਕ ਵਾਰ ਹੀ ਮਰਦਾ ਹੈ। ਬੁਜ਼ਦਿਲ ਹਜ਼ਾਰਾਂ ਵਾਰ ਮੌਤ ਦਾ ਸ਼ਿਕਾਰ ਹੁੰਦਾ ਹੈ।"

(ਸ਼ੇਕਸਪੀਅਰ)

ਇਸ ਵਿਚਾਰ ਨੂੰ ਹੋਰ ਉੱਚਾ ਚੁੱਕ ਕੇ ਭਗਤ ਕਬੀਰ ਜੀ ਇੰਜ ਰੂਪਮਾਨ ਕਰਦੇ ਹਨ—

ਕਬੀਰ ਮਰਤਾ ਮਰਤਾ ਜਗੁ ਮੂਆ
ਮਰਿ ਭੀ ਨ ਜਾਨਿਆ ਕੋਇ॥
ਐਸੇ ਮਰਨੇ ਜੋ ਮਰੈ,
ਬਹੁਰਿ ਨ ਮਰਨਾ ਹੋਇ ॥੨੯॥

[ਸਲੋਕ ਕਬੀਰ ਜੀ, ਪੰਨਾ ੧੩੬੬

ਬੁਜ਼ਦਿਲ ਅਤੇ ਡਰਪੋਕ ਮਨੁੱਖ ਮਰਨ ਤੋਂ ਪਹਿਲਾਂ ਅਨੇਕਾਂ ਵਾਰ ਮਰਦਾ ਹੈ। ਲੋਕ ਉਸ ਨੂੰ ਦੁਰਕਾਰਦੇ ਹਨ, ਫਿਟਕਾਰਦੇ ਹਨ। ਇਹ ਦੁਰਕਾਰ ਤੇ ਫਿਟਕਾਰ ਹੀ ਮੌਤ ਦਾ ਦੂਜਾ ਨਾਂ ਹੈ। ਇਸ ਦੇ ਉਲਟ ਸੂਰਮਾ ਇਕ ਵਾਰ ਮੌਤ ਨੂੰ ਗਲਵਕੜੀ ਪਾਂਦਾ ਹੈ ਅਤੇ ਸਦਾ ਲਈ ਧਰੂਅ ਵਾਂਗ ਰੌਸ਼ਨ ਹੋ ਜਾਂਦਾ ਹੈ। ਜਗਤ ਦੇ ਕਵੀ ਉਸ ਦੀ ਉਪਮਾ ਵਿਚ ਵਾਰਾਂ ਲਿਖਦੇ ਹਨ।

ਗੁਰਬਾਣੀ ਦੀਆਂ ਉਪਰੋਕਤ ਤੁਕਾਂ ਦੀ ਰੌਸ਼ਨੀ ਵਿਚ ਗੁਰੂ ਦਾ ਸਿਖ ਧਰਮ, ਸੱਚ, ਇਨਸਾਫ ਹੱਕ ਅਤੇ ਪਰਉਪਕਾਰ ਦੇ ਸ਼ੁਭ ਆਦਰਸ਼ਾਂ ਦੀ ਪ੍ਰਾਪਤੀ ਲਈ ਬੰਦ ਬੰਦ ਕਟਵਾ ਲੈਂਦਾ ਹੈ, ਖੋਪਰੀ ਲੁਹਾ ਲੈਂਦਾ ਹੈ,ਆਰੇ ਨਾਲ ਚੀਰਿਆ ਜਾਂਦਾ ਹੈ, ਪਰ ਮੁੱਖ ਵਿਚੋਂ 'ਓਇ' ਅਤੇ 'ਸੀ' ਨਹੀਂ ਉਚਾਰਦਾ।

ਜਿਸ ਸਮੇਂ ਜ਼ਾਲਮ ਤੇ ਜਾਬਰ ਨੂੰ ਸ਼ਾਂਤ-ਮਈ ਸ਼ਹਾਦਤ ਝੂਠ ਅਤੇ ਕੂੜ ਦੇ ਰਾਹ ਤੋਂ ਨਾ ਰੋਕ ਸਕੇ ਤਾਂ ਸਤਿਗੁਰੂ "ਧਰਮ ਚਲਾਵਨ ਸੰਤ ਉਬਾਰਨ ਦੁਸਟ ਸਭਨ ਕੋ ਮੂਲ ਉਪਾਰਨ"* ਲਈ ਆਪਣੇ ਹਥ ਵਿਚ ਤਲਵਾਰ ਫੜਦਾ ਹੈ। ਉਹ ਬੀਰਤਾ ਦਾ ਮਾਹੌਲ ਸਿਰਜਦਾ ਹੈ ਅਤੇ ਅਨੇਕਾਂ ਬਹਾ-ਦਰਾਂ ਨੂੰ ਧਰਮ-ਯੁਧ ਵਿਚ ਜੂਝ ਮਰਨ ਲਈ ਤਿਆਰ ਕਰਦਾ ਹੈ।

ਸੰਤ-ਸਿਪਾਹੀ ਦੇ ਦਿਲ ਵਿਚ 'ਅਕਾਲ' ਦੀ ਯਾਦ ਅਤੇ ਨੈਣਾਂ ਵਿਚ ਬੀਰ-ਰਸ ਦੀ ਲਾਲੀ ਹੁੰਦੀ ਹੈ। ਕਲਗੀਧਰ ਜੀ ਉਸ ਸਿੰਘ ਨੂੰ ਧੰਨ ਆਖਦੇ ਹਨ ਜੋ ਮੂੰਹ ਵਿਚ ਹਰੀ ਦਾ ਨਾਮ ਜਪਦਾ ਹੈ ਅਤੇ ਚਿੱਤ ਵਿਚ ਯੁੱਧ ਕਰਨ ਦਾ ਵਿਚਾਰ ਕਰਦਾ ਹੈ:—

ਧੰਨ ਜੀਓ ਤਿਹ ਕੋ ਜਗ ਮੈ
ਮੁਖ ਤੇ ਹਰਿ ਚਿਤ ਮੈਂ ਜੁਧ ਬਿਚਾਰੈ॥

॥੨੪੯੨॥ ਦਸਮ ਗ੍ਰੰਥ, ਕ੍ਰਿਸ਼ਨਾਵਤਾਰ

ਇੱਕ ਗਿਆਨਵਾਨ ਹੀ ਸੰਤ-ਸਿਪਾਹੀ ਹੋ ਸਕਦਾ ਹੈ। ਗਿਆਨਵਾਨ ਤੋਂ ਭਾਵ ਚੁੰਚ-ਗਿਆਨੀ ਨਹੀਂ। ਦੁਨਿਆਵੀ ਪੁਸਤਕਾਂ ਪੜ੍ਹ ਕੇ 'ਡਿਗਰੀ' ਪ੍ਰਾਪਤ ਕਰਨ ਨਾਲ 'ਗਿਆਨੀ' ਦੀ ਪਦਵੀ ਨਹੀਂ ਮਿਲਦੀ। ਇਥੇ ਗਿਆਨੀ ਤੋਂ ਭਾਵ ਬ੍ਰਹਮ ਗਿਆਨੀ ਤੋਂ ਹੈ, ਜਿਸਨੂੰ ਬ੍ਰਹਮ ਦਾ ਗਿਆਨ ਹੋ ਗਿਆ ਹੋਵੇ, ਜਿਸ ਦੇ ਹਿਰਦੇ ਵਿਚ ਬ੍ਰਹਮ ਦਾ ਪ੍ਰਕਾਸ਼ ਹੋ ਗਿਆ ਹੋਵੇ। ਅਜਿਹਾ ਪੁਰਸ਼ ਕਿਸੇ ਦੂਜੇ ਮਨੁੱਖ ਨੂੰ ਨਜਾਇਜ਼ ਭੈ ਜਾਂ ਡਰ ਨਹੀਂ ਦਿੰਦਾ ਤੇ ਨਾ ਹੀ ਸਹਾਰਦਾ ਹੈ —

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥੧੬॥

[ਸਲੋਕ ਮਹਲਾ ੯, ਪੰਨਾ ੧੪੨੭

ਉਹ ਇੱਕ ਪਾਸੇ ਪ੍ਰਭੂ ਦੀ ਭਗਤੀ ਦੇ ਦੂਜੇ ਪਾਸੇ ਸ਼ਮਸ਼ੀਰ ਦੀ ਪੂਜਾ ਕਰਦਾ ਹੈ। ਉਸ ਸ਼ਮਸ਼ੀਰ ਦੀ ਪੂਜਾ, ਜੋ ਵੈਰੀ ਦੇ ਟੋਟੇ ਚੰਗੀ ਤਰ੍ਹਾਂ

* ਚੌਪਈ, ਬਚਿਤ੍ਰ ਨਾਟਕ ਪਾਤਸ਼ਾਹੀ ੧੦



www.AKJ.Org

ਕਰਦੀ ਹੈ, ਮੂਰਖ-ਦਲ ਦਾ ਟੁਕੜਾ ਟੁਕੜਾ ਕਰਦੀ ਹੈ, ਯੁੱਧ ਨੂੰ ਸੁਹਾਵਣਾ ਬਣਾਉਂਦੀ ਹੈ ਅਤੇ ਬਲ ਦਾ ਚਮਤਕਾਰ ਵਿਖਾਂਦੀ ਹੈ :

ਖਗ ਖੰਡ ਬਿਹੰਡੰ ਖਲ ਦਲ ਖੰਡੰ
ਅਤਿ ਰਣ ਮੰਡੰ ਬਰਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ
ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ
ਕਿਲਬਿਖ ਹਰਣੰ ਅਸ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ
ਮਮ ਪ੍ਰਤਿਪਾਰਣ ਜੈ ਤੇਗੰ ॥੨॥

ਬਚਿਤ੍ਰ ਨਾਟਕ, ਅਧਿ : ੧, ਪਾ: ੧੦

ਜੰਗ ਦੇ ਮੈਦਾਨ ਵਿਚ ਉਹ ਬੀਰ ਵੈਰੀ ਉਤੇ ਪਹਿਲਾਂ ਵਾਰ ਨਹੀਂ ਕਰਦਾ, ਬਲਕਿ ਉਸ ਘੜੀ ਤੀਕ ਉਹ ਸ਼ਾਂਤ ਰਹਿੰਦਾ ਹੈ ਜਦੋਂ ਤਕ ਦੁਸ਼ਮਣ ਅੱਗੋਂ ਪੰਗਾ ਨਾ ਲਵੇ। ਜਿਸ ਵੇਲੇ ਜ਼ਾਲਮ ਉਸ ਬੇ-ਪ੍ਰਵਾਹ ਸ਼ੇਰ ਦੀ ਮੁੱਛ ਨੂੰ ਹੱਥ ਲਾਂਦਾ ਹੈ ਤਾਂ ਉਹ ਭਬਕ ਮਾਰ ਕੇ ਉਸ ਉਤੇ ਟੁੱਟ ਪੈਂਦਾ ਹੈ :—

ਜਬੈ ਬਾਨ ਲਾਗਯੋ। ਤਬੈ ਰੋਸ ਜਾਗਯੋ ॥੩੧॥

ਭੰਗਾਣੀ ਯੁੱਗ, ਬਚਿਤ੍ਰ ਨਾਟਕ

ਸਿੰਘ ਧਰਮ ਦੀ ਸੁਰੱਖਿਆ ਲਈ ਜੰਗ ਦੇ ਮੈਦਾਨ ਵਿਚ ਅਗਾਂਹ ਵਧਦਾ ਹੈ, ਪਿਛਾਂਹ ਨਹੀਂ ਵੇਖਦਾ, ਡਰ ਕੇ ਨੱਸਦਾ ਨਹੀਂ, ਸਗੋਂ ਦੁਸ਼ਮਣ ਦੇ ਸਨਮੁੱਖ ਲੜਦਾ ਹੋਇਆ ਪੁਰਜ਼ਾ ਪੁਰਜ਼ਾ ਕੱਟ ਮਰਦਾ ਹੈ ਅਤੇ ਬੀਰਤਾ ਨਾਲ ਸ਼ਹੀਦ ਹੁੰਦਾ ਹੈ :—

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥੨॥

ਮਾਰੂ ਸਲੋਕ ਕਬੀਰ, ਪੰਨਾ ੧੧੦੫

ਸਿੱਖ-ਧਰਮ ਦੀ ਇਹ ਅਰਦਾਸ ਬੀਰ-ਰਸੀ-ਸ਼ਹਾਦਤ ਦੇ ਅਰਥਾਂ ਨੂੰ ਪੂਰਨ ਰੂਪ ਵਿਚ ਉਘਾੜਦੀ ਹੈ—

ਦੇਹ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨਾ ਡਰੋਂ ਅਰਿ ਸੋਂ ਜਬ ਜਾਇ ਲਰੋਂ
ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖਹੋਂ ਆਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ ॥੨੩੧॥

ਚੰਡੀ ਚਰਿਤ੍ਰ ੧, ਪਾ: ੧੦

'ਸ਼ਹਾਦਤ' ਕੌਮ ਨੂੰ ਸੁਰਜੀਤ ਕਰਦੀ ਹੈ। ਸ਼ਹੀਦ ਦਾ ਡੁਲ੍ਹਿਆ ਹੋਇਆ ਖ਼ੂਨ ਬੇ-ਅਰਥ ਨਹੀਂ ਜਾਂਦਾ। ਇਹ ਕੌਮ ਦੀ ਮਰੀਅਲ ਰੂਹ ਵਿਚ ਜੀਵਨ-ਰੌਅ ਪੈਦਾ ਕਰਦਾ ਹੈ। ਕਿਸੇ ਮਹਾਂ ਪੁਰਸ਼ ਜਾਂ ਸੂਰਬੀਰ ਦੀ ਸ਼ਹਾਦਤ ਬੁਜ਼ਦਿਲ ਅਤੇ ਡਰਪੋਕ ਲੋਕਾਂ ਦੇ ਦਿਲਾਂ ਵਿਚ ਦਲੇਰੀ, ਸਾਹਸ, ਨਿਡੱਰਤਾ, ਕੁਰਬਾਨੀ ਅਤੇ ਤਿਆਗ ਜਿਹੇ ਸ਼ੁਭ-ਗੁਣਾਂ ਦਾ ਸੰਚਾਰ ਕਰਦੀ ਹੈ। ਸ਼ਹੀਦ ਦੀ 'ਸ਼ਹਾਦਤ' ਮਨੁਖਤਾ ਲਈ ਚਾਨਣ-ਮੁਨਾਰਾ ਬਣਦੀ ਹੈ। ਉਹ ਮਰਨ ਤੋਂ ਬਾਅਦ ਵੀ ਇਸ ਦੁਨੀਆ ਵਿਚ ਜੀਉਂਦਾ ਹੈ ਅਤੇ ਸਦਾ ਲਈ ਅਮਰ ਹੋ ਜਾਂਦਾ ਹੈ।

---

## ਸ਼ਹੀਦੀ ਗੁਰਪੁਰਬ—ਸਾਲਾਨਾ ਸਮਾਗਮ ਗੁ: ਸ੍ਰੀ ਚਰਨ ਕੰਵਲ ਜੀਂਦੋਵਾਲ

ਅਖੰਡ ਕੀਰਤਨੀ ਜਥਿਆਂ ਵਲੋਂ ਗੁਰਦੁਆਰਾ ਸ੍ਰੀ ਚਰਨ ਕੰਵਲ ਪਾ: ੬ ਜੀਂਦੋਂਵਾਲ (ਬੰਗਾ) ਜਲੰਧਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਵਸ ਮਨਾਂਦਿਆਂ ਹੋਇਆਂ ੭—੮—੯ ਦਸੰਬਰ ਨੂੰ ਪ੍ਰੋਗਰਾਮ ਹੋ ਰਹੇ ਹਨ। ੯ ਦਸੰਬਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਅਤੇ ਕੀਰਤਨ ਹੋਣਗੇ। ਸ਼ਾਮ ਨੂੰ ਅੰਮ੍ਰਿਤ ਸੰਚਾਰ ਸਮਾਗਮ ਅਤੇ ਰੈਣ ਸਬਾਈ ਕੀਰਤਨ ਅਰੰਭ ਹੋਣਗੇ। ਸਮੂਹ ਸੰਗਤਾਂ ਗੁਰਬਾਣੀ ਅਤੇ ਅਖੰਡ ਕੀਰਤਨ ਦੇ ਅਨੰਦ ਮਾਨਣ ਲਈ ਹੁਮ ਹੁਮਾ ਕੇ ਪੁਜੋ ਜੀ। ਲੋੜ ਅਨੁਸਾਰ ਬਿਸਤਰੇ ਲਿਆਉਣ ਦੀ ਖੇਚਲ ਕਰਨੀ ਜੀ। ਗੁਰਦਵਾਰਾ ਸਾਹਿਬ ਬੰਗਾ ਤੋਂ ਨਵਾਂ ਸ਼ਹਿਰ ਸੜਕ ਉਤੇ ਇਕ ਫਰਲਾਂਗ ਦੂਰ ਹੈ। ਦਿਲੀ, ਚੰਡੀਗੜ੍ਹ ਤੇ ਲੁਧਿਆਣਾ ਤੋਂ ਸਿਧੀਆਂ ਬਸਾਂ ਮਿਲਦੀਆਂ ਹਨ।

ਪੁਛਗਿਛ—ਗਿ: ਹਰਬੰਸ ਸਿੰਘ ਤੇਗ ਮੈਨੇਜਰ,
ਗੁ: ਚਰਨ ਕੰਵਲ ਜੀਂਦੋਵਾਲ (ਬੰਗਾ)

ਅਖੰਡ ਕੀਰਤਨੀ ਜਥਾ
(ਬੰਗਾ ਨਵਾਂ ਸ਼ਹਿਰ)


www.AKJ.Org

# ਦਿਲੀ ਦੇ ਸਿਖ ਸ਼ਹੀਦ

[ ਵਲੋਂ—ਗਿ: ਭਜਨ ਸਿੰਘ ਜੀ ਜਰਨਲਿਸਟ, ਦਿਲੀ ]

## *ਜਥੇਦਾਰ ਅਵਤਾਰ ਸਿੰਘ ਜੀ ਕੋਹਲੀ*

ਜਥੇਦਾਰ ਅਵਤਾਰ ਸਿੰਘ ਜੀ ਕੋਹਲੀ ਦਿਲੀ ਦੇ ਅਕਾਲੀ ਲੀਡਰਾਂ ਵਿਚੋਂ ਪ੍ਰਮੁਖ ਨੇਤਾ ਸਨ। ਆਪ ਨੇ ਦਿਲੀ ਅਕਾਲੀ ਦਲ ਦੀ ੨੦ ਸਾਲ ਦੇ ਕਰੀਬ ਪਰਧਾਨਗੀ ਦੀ ਸੇਵਾ ਨਿਭਾਈ । ਇਸ ਤੋਂ ਇਲਾਵਾ ਆਪ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਮੈਂਬਰ ਅਤੇ ਦਿਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਸਨ।

ਆਪ ਦਾ ਜਨਮ ਪਿੰਡ ਨੀਲਾ ਤਸੀਲ ਚਕਵਾਲ ਜ਼ਿਲਾ ਜਿਹਲਮ (ਪਾਕਿਸਤਾਨ) ਵਿਚ ੧੯੧੩ ਨੂੰ ਹੋਇਆ। ਆਪ ਜੀ ਦੇ ਪਿਤਾ ਸ: ਪ੍ਰੇਮ ਸਿੰਘ ਜੀ ਇਕ ਮੰਨੇ-ਪ੍ਰਮੰਨੇ ਵਿਅਕਤੀ ਸਨ। ਜਥੇਦਾਰ ਅਵਤਾਰ ਸਿੰਘ ਜੀ ਆਪਣੀ ਜਵਾਨੀ ਦੀ ਉਮਰੇ ੧੯੩੮ ਵਿਚ ਈਰਾਨ ਵਿਚ ਜਾ ਵਸੇ ਅਤੇ ੧੯੪੭ ਤਕ ਉਥੇ ਆਪਣਾ ਵਪਾਰ ਜਾਰੀ ਰਖਿਆ । ਇਸ ਤੋਂ ਪਿਛੋਂ ਆਪ ਦਿਲੀ ਵਿਚ ਆ ਵਸੇ ਅਤੇ ਸਿਖ ਰਾਜਨੀਤੀ ਵਿਚ ਵਿਸ਼ੇਸ਼ ਹਿਸਾ ਲੈਣ ਲਗ ਪਏ। ਆਪ ਦੀ ਦਿਆਨਤਦਾਰੀ, ਅਤੇ ਕਰੜੀ ਮਿਹਨਤ ਅਤੇ ਸਿਖ ਕੌਮ ਦੇ ਮਹਾਨ ਲੀਡਰ ਮਾਸਟਰ ਤਾਰਾ ਸਿੰਘ ਦੇ ਵਫਾਦਾਰ ਸਾਥੀ ਹੋਣ ਕਰਕੇ ਅਕਾਲੀ ਦਲ ਵਿਚ, ਆਪ ਨੇ ਥੋੜੇ ਸਮੇਂ ਵਿਚ ਆਪਣੀ ਖ਼ਾਸ ਥਾਂ ਬਣਾ ਲਈ ਅਤੇ ਆਪ ਪਹਿਲੀ ਵਾਰ ੧੯੫੪ ਵਿਚ ਅਕਾਲੀ ਦਲ ਦੇ ਪਰਧਾਨ ਚੁਣੇ ਗਏ ਅਤੇ ਹੁਣ ਤਕ ਇਸ ਸੇਵਾ ਨੂੰ ਸਿਦਕ-ਦਿਲੀ ਨਾਲ ਨਿਭਾਉਂਦੇ ਰਹੇ। ਆਪ ਧਾਰਮਕ ਭਾਵਨਾ ਵਿਚ ਪ੍ਰਪੱਕ ਨਿਤਨੇਮੀ ਗੁਰਸਿਖ ਸਨ।

ਪੰਜ ਨਵੰਬਰ ੧੯੭੮ ਨੂੰ ਨਕਲੀ ਨਿਰੰਕਾਰੀਆਂ ਵਿਰੁਧ ਰੋਸ ਪਰਗਟ ਕਰਨ ਲਈ, ਗੁਰਦਵਾਰਾ ਬੰਗਲਾ ਸਾਹਿਬ ਤੋਂ ਜੱਥੇ ਦੀ ਅਗਵਾਈ ਕਰਦੇ ਹੋਏ ਗ੍ਰਿਫ਼ਤਾਰ ਕਰ ਲਏ ਗਏ ਅਤੇ ਪੁਲਸ ਦੀ ਹਿਰਾਸਤ ਵਿਚ ਟੀਅਰ ਗੈਸ ਦੇ ਸ਼ੈਲ (ਗੋਲੇ) ਦੇ ਲਗਣ ਨਾਲ ਸ਼ਹੀਦੀ ਪ੍ਰਾਪਤ ਕਰ ਗਏ।

## *ਸ: ਮਹਿੰਦਰ ਸਿੰਘ ਜੀ*

ਸ: ਮਹਿੰਦਰ ਸਿੰਘ ਜੀ ਧਾਰਮਕ ਭਾਵਨਾਵਾਂ ਵਾਲਾ ਇਕ ਸਿਦਕੀ ਨੌਜਵਾਨ ਸੀ । ਇਹ ਨੌਜਵਾਨ ਆਪਣਾ ਬਹੁਤ ਵਕਤ ਸੇਵਾ ਦੇ ਕੰਮਾਂ ਵਿਚ ਬਿਤਾਉਂਦਾ ਸੀ। ਆਪ ਦਾ ਜਨਮ ੧੯੪੭ ਵਿਚ ਰਾਜਾਸਾਂਸੀ (ਅੰਮ੍ਰਿਤਸਰ) ਵਿਖੇ ਹੋਇਆ। ਆਪ ਦੇ ਪਿਤਾ ਸ: ਕਰਤਾਰ ਸਿੰਘ ਜੀ ਵਲਾ ਸਾਹਿਬ ਜ਼ਿਲਾ ਅੰਮ੍ਰਿਤਸਰ ਦੇ ਵਾਸੀ ਸਨ। ਅਜੇ ਮਹਿੰਦਰ ਸਿੰਘ ਜੀ ੧੧ ਸਾਲ ਦੇ ਹੀ ਸਨ ਕਿ ਆਪ ਦੇ ਸਿਰ ਤੋਂ ੧੯੫੮ ਵਿਚ ਪਿਤਾ ਦਾ ਸਾਇਆ ਉਠ ਗਿਆ। ਘਰ ਵਿਚ ਆਮਦਨ ਦਾ ਹੋਰ ਕੋਈ ਸਾਧਨ ਨਾ ਹੋਣ ਕਰਕੇ, ਆਪ ਦੀ ਮਾਤਾ ਸਰਦਾਰਨੀ ਦਲਜੀਤ ਕੌਰ ਨੂੰ ਪੁਲਸ ਦੀ ਨੌਕਰੀ ਅਪਣਾਉਣੀ ਪਈ ਅਤੇ ਹੁਣ ਵੀ ਹੈਡ ਕਾਨਸਟੇਬਲ ਦੇ ਤੌਰ ਤੇ ਆਪਣੀ ਡਿਊਟੀ ਨਿਭਾ ਰਹੇ ਹਨ।

ਪੰਜ ਨਵੰਬਰ ੧੯੭੮ ਨੂੰ ਗੁਰਦਵਾਰਾ ਬੰਗਲਾ ਸਾਹਿਬ ਦੀ ਛਬੀਲ ਉਤੇ ਆਪ ਜਲ ਛਕਾਉਣ ਦੀ ਸੇਵਾ ਕਰ ਰਹੇ ਸਨ ਤਾਂ ਪੁਲਸ ਵਲੋਂ ਟੀਅਰ ਗੈਸ ਦੇ ਸ਼ੈਲ ਲਗਣ ਨਾਲ ਸਖ਼ਤ ਜ਼ਖ਼ਮੀ ਹੋ ਗਏ ਅਤੇ ਰਾਮ ਮਨੋਹਰ ਲੋਹੀਆ ਹਸਪਤਾਲ ਵਿਚ ਜਾ ਕੇ ਸਵਾਸ ਤਿਆਗ ਗਏ । ਇਉਂ ਸ਼ਹੀਦੀ ਦੀ ਕਤਾਰ ਵਿਚ ਜਾ ਖੜੋਤੇ।

## *ਸ: ਗੋਬਿੰਦ ਸਿੰਘ ਜੀ*

ਸ: ਗੋਬਿੰਦ ਸਿੰਘ ਜੀ ੧੯ ਸਾਲਾਂ ਦਾ



www.AKJ.Org

ਨੌਜਵਾਨ ਸੀ ਅਤੇ ਹਾਇਰ ਸਕੈਂਡਰੀ ਦਾ ਵਿਦਿਆਰਥੀ ਸੀ । ਆਪ ਸ: ਭਗਤ ਸਿੰਘ ਜੀ ਦੇ ਛੋਟੇ ਸਪੁੱਤਰ ਸਨ । ਆਪ ਦੇ ਪਿਤਾ ਹੁਸ਼ਿਆਰ-ਪੁਰ ਦੇ ਆਦਿ-ਵਾਸੀ ਹਨ ਅਤੇ ਅਜ ਕਲ੍ਹ ਰਘਬੀਰ ਨਗਰ ਰਾਜੌਰੀ ਗਾਰਡਨ ਦਿਲੀ ਰਹਿੰਦੇ ਹਨ ।

ਪੰਜ ਨਵੰਬਰ ੧੯੭੮ ਨੂੰ ਸ: ਗੋਬਿੰਦ ਸਿੰਘ ਗੁਰਦਵਾਰਾ ਬੰਗਲਾ ਸਾਹਿਬ ਮੱਥਾ ਟੇਕਣ ਜਾਂਦਾ ਹੋਇਆ ਜੋੜਾ ਉਤਾਰ ਰਿਹਾ ਸੀ ਕਿ ਪੁਲਸ ਦੀ ਗੋਲੀ ਨਾਲ ਸਖ਼ਤ ਜ਼ਖਮੀ ਹੋ ਗਿਆ । ਬਹੁਤ ਛੇਤੀ ਹੀ ਹਸਪਤਾਲ ਪਹੁੰਚਾਇਆ ਗਿਆ, ਪਰ ਉਹ ਮੌਤ ਤੋਂ ਬਚ ਨਾ ਸਕਿਆ ਅਤੇ ਸ਼ਹੀਦੀ ਜਾਮ ਪ੍ਰਾਪਤ ਕਰ ਗਿਆ ।

"ਸਪੋਕਸਮੈਨ ਵੀਕਲੀ" ਦਿਲੀ ਦੇ ਅਧਾਰ ਤੇ

---

## ਪਾਰੋਵਾਲ ਵਿਖੇ ਰੈਣ-ਸਬਾਈ ਕੀਰਤਨ ਅਤੇ ਅੰਮ੍ਰਿਤ-ਸਿੰਚਾਰ

੧੬ ਦਸੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਅਤੇ ਅੰਮ੍ਰਿਤ-ਸਿੰਚਾਰ ਸਮਾਗਮ ਹੋ ਰਹੇ ਹਨ । ਜ਼ਿਲਾ ਗੁਰਦਾਸਪੁਰ, ਅੰਮ੍ਰਿਤਸਰ ਅਤੇ ਹੋਰ ਦੂਰੋਂ ਨੇੜਿਓਂ ਅਖੰਡ ਕੀਰਤਨੀ ਜਥੇ ਹਾਜ਼ਰੀਆਂ ਭਰਨ ਲਈ ਪੁਜ ਰਹੇ ਹਨ । ਸਮੂਹ ਸੰਗਤਾਂ ਹੁਮ-ਹੁਮਾ ਕੇ ਪੁਜਣ ਅਤੇ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ । ਅੰਮ੍ਰਿਤ ਅਭਿਲਾਖੀ ਸਜਣ ਵੀ ਪੁਜ ਕੇ ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰਨ ।

ਨੋਟ—ਅੰਮ੍ਰਿਤਸਰ ੨ ਅਜੀਤ ਨਗਰ ਤੋਂ ਪਾਰੋਵਾਲ ਲਈ ਪੰਜ ਵਜੇ ਸ਼ਾਮ ਬਸ ਚਲੇਗੀ ।

ਬਟਾਲਾ ਤੋਂ ਫਤਹਗੜ੍ਹ ਚੂੜੀਆਂ ਬਰਾਸਤਾ ਪਾਰੋਵਾਲ ਭਾਰੋਵਾਲੀ ਲਈ ਬਸਾਂ ੪-੩੦ ਅਤੇ ੫-੩੦ ਸ਼ਾਮ ਚਲਦੀਆਂ ਹਨ । ਪੁਛਗਿਛ—੧. ਅਵਤਾਰ ਸਿੰਘ ਸਰਬਜੀਤ ਸਿੰਘ ਪਾਰੋਵਾਲ ।

੨. ਗੁਰਮੁਖ ਸਿੰਘ ਵਰਿੰਦਰ ਸਿੰਘ ਪਾਰੋਵਾਲ (ਗੁਰਦਾਸ ਪੁਰ)

## ਅਖੰਡ ਕੀਰਤਨ ਤੇ ਅੰਮ੍ਰਿਤ ਸਿੰਚਾਰ ਸਮਾਗਮ ਨੰਦਪੁਰ ਕਲੌੜ

੯ ਦਸੰਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਤੋਂ ਉਪਰੰਤ ਦਸ ਵਜੇ ਤਕ ਅਖੰਡ ਕੀਰਤਨ ਹੋਣੇ ਹਨ । ਸ਼ਾਮ ਨੂੰ ਪੰਜ ਵਜੇ ਅੰਮ੍ਰਿਤ-ਸਿੰਚਾਰ ਸਮਾਗਮ ਹੋਵੇਗਾ ਅਤੇ ਰਾਤ ਅਠ ਵਜੇ ਰੈਣ-ਸਬਾਈ ਕੀਰਤਨ ਅਰੰਭ ਹੋਣਗੇ ਜਿਸ ਦੇ ਭੋਗ ਐਤਵਾਰ ਸਵੇਰੇ ਪੈਣਗੇ । ਗੁਰਸਿਖ ਸੰਗਤਾਂ ਹੁਮ-ਹੁਮਾ ਕੇ ਦਰਸ਼ਨ ਦੇਣ । ਅੰਮ੍ਰਿਤ ਪਾਨ ਕਰਨ ਲਈ ਅਭਿਲਾਖੀਆਂ ਨੂੰ ਪ੍ਰੇਰ ਕੇ ਲਿਆਵੋ ਜੀ ।

ਪੁਛਗਿਛ—ਸ: ਅਜਮੇਰ ਸਿੰਘ, ਪਰਧਾਨ
ਗੁਰਦਵਾਰਾ ਸਾਹਿਬ ਪਾ: ੯, ਨੰਦਪੁਰ ਕਲੌੜ

ਦਾਸਰੇ
ਨਿਰਬਾਣ ਕੀਰਤਨੀ ਜਥਾ, ਰੂਪ ਨਗਰ

## ਮੋਗਾ (ਫ਼ਰੀਦ ਕੋਟ) ਵਿਖੇ ਰੈਣ ਸਬਾਈ ਕੀਰਤਨ

ਭਾਈ ਕਰਨੈਲ ਸਿੰਘ ਚੇਤ ਸਿੰਘ ਜੀ ਇਤਲਾਹ ਦਿੰਦੇ ਹਨ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਯਾਦ ਵਿਚ ੧੬ ਦਸੰਬਰ ਸ਼ਨੀਵਾਰ ਦੀ ਰਾਤ ਨੂੰ ਅਖੰਡ ਕੀਰਤਨ ਹੋ ਰਹੇ ਹਨ । ਸਮੂੰਹ ਸਿਖ ਪਰਵਾਰ ਧਾਹੀਆਂ ਕਰਕੇ ਪੁਜੋ ਜੀ । ਸਮਾਗਮ ਅਸਥਾਨ ਤੇ ਲੰਗਰ ਭਾਈ ਨਿਧਾਨ ਸਿੰਘ ਪੁਰਾਣਾ ਗੁਲਾਬੀ ਬਾਗ਼ ਦੁਸਾਂਝ ਰੋਡ ਮੋਗਾ ਦੇ ਅਸਥਾਨ ਵਿਖੇ ਹੋਵੇਗਾ ।

---

**ਲੇਖਕ ਸਜਣ**—ਲੇਖ ਸਫ਼ੇ ਦੇ ਇਕ ਪਾਸੇ ਹਾਸ਼ੀਆ ਛਡ ਕੇ ਸਾਫ਼ ਲਿਖ ਕੇ ਭੇਜਣ ਅਤੇ ਗੁਰਬਾਣੀ ਦੀਆਂ ਤੁਕਾਂ ਸੋਧ ਕੇ ਭੇਜਣ ।



www.AKJ.Org

# ਦਿਲੀ ਮੇਅਰ ਦੀ ਸਿਖ-ਵਿਰੋਧੀ ਦੁਸ਼ਮਣੀ

ਦਿਲੀ ਕਾਰਪੋਰੇਸ਼ਨ ਦੇ ਜਨਸੰਘੀ ਮੇਅਰ ਰਾਜਿੰਦਰ ਕੁਮਾਰ ਗੁਪਤਾ ਦੀ ਸਿਖ-ਵਿਰੋਧੀ ਦੁਸ਼ਮਣੀ ਉਸ ਦੀਆਂ ਹਰਕਤਾਂ ਤੋਂ ਸਾਹਮਣੇ ਆ ਰਹੀ ਹੈ। ਉਸ ਨੇ ਨਕਲੀ ਨਿਰੰਕਾਰੀਆਂ ਦੇ ਸਮਾਗਮ ਵਿਚ ਪੁਜ ਕੇ ਉਨ੍ਹਾਂ ਦੇ ਹੱਕ ਵਿਚ ਭਾਸ਼ਨ ਦਿੰਦਿਆਂ ਕਿਹਾ ਹੈ ਕਿ—

''ਗੁਰਬਚਨ ਸਿੰਘ ਸਵਾਮੀ ਵਿਵੇਕਾ ਨੰਦ ਵਾਂਗ ਵਿਸ਼ਵ-ਭਾਈਚਾਰੇ ਨੂੰ ਉਭਾਰਨ ਤੇ ਉਨਤ ਕਰਨ ਦੇ ਪਵਿਤਰ ਕਾਰਜ ਵਿਚ ਲਗਿਆ ਹੋਇਆ ਹੈ।''

ਮੇਅਰ ਸਾਹਿਬ ਦੇ ਉਪਰੋਕਤ ਸ਼ਬਦ ਪੜ੍ਹ ਕੇ ਹੈਰਾਨੀ ਹੁੰਦੀ ਹੈ। ਕੀ ਗੁਰਬਚਨ ਸਿੰਘ ਭਾਈਚਾਰੇ ਨੂੰ ਉਨਤ ਕਰ ਰਿਹਾ ਹੈ ਕਿ ਤ੍ਰੱਟੀ-ਚੋੜ ਕਰ ਰਿਹਾ ਹੈ? ਕੀ ਉਹ ਭਾਰਤੀ ਯੁਵਕ ਤੇ ਯੁਵਤੀਆਂ ਵਿਚ ਭ੍ਰਸ਼ਟਾਚਾਰ ਅਤੇ ਦੁਰਾਚਾਰ ਫੈਲਾ ਕੇ ਭਾਰਤ ਦੇ ਧਰਮ ਨੂੰ ਰਸਾਤਲ ਵਲ ਨਹੀਂ ਲਿਜਾ ਰਿਹਾ? ਕੀ ਭਾਰਤੀ ਸਭਿਅਤਾ ਦਾ ਦੁਆਲਾ ਕਢਣਾ ਹੀ ਗੁਰਬਚਨ ਸਿੰਘ ਦਾ ਪਵਿੱਤਰ ਕਾਰਜ ਹੈ?

ਦਸਿਆ ਜਾਂਦਾ ਹੈ ਕਿ ਸਵਾਮੀ ਵਿਵੇਕਾ ਨੰਦ ਜੀ ਗਰੀਬੀ ਵਿਚ ਰਹਿਣ ਵਾਲੇ ਪਵਿਤਰ ਜੀਵਨ ਅਤੇ ਧਰਮ ਤੇ ਉਚੇ ਭਾਵਾਂ ਵਾਲੇ ਸੁਧਾਰਕ ਸਨ, ਪਰ ਇਸ ਤੋਂ ਉਲਟ ਇਹ ਗੁਰਬਚਨ ਸਿੰਘ ਤਾਂ ਯੋਗ ਅਯੋਗ ਢੰਗਾਂ ਨਾਲ ਇਕੱਠੀ ਕੀਤੀ ਮਾਇਆ ਦਾ ਵਪਾਰੀ, ਸ਼ਰਾਬੀ ਕਬਾਬੀ ਵਿਭਚਾਰੀ ਅਤੇ ਜੂਠ ਖਾਣ ਪੀਣ ਦੀਆਂ ਖੁਲ੍ਹਾਂ ਦੇਣ ਵਾਲਾ ਆਗੂ ਬਣਿਆ ਬੈਠਾ ਹੈ। ਵਿਵੇਕਾ ਨੰਦ ਦੀ ਭਗਤੀ ਭਾਵ ਤੇ ਗਰੀਬੀ ਦੇ ਟਾਕਰੇ ਤੇ ਗੁਰਬਚਨ ਸਿੰਘ ਆਪਣੇ ਆਪ ਨੂੰ ਸਾਰੇ ਧਰਮਾਂ ਦੇ ਪੀਰਾਂ, ਪੈਗ਼ੰਬਰਾਂ, ਅਵਤਾਰਾਂ, ਗੁਰੂਆਂ ਦਾ ਜਾ-ਨਸ਼ੀਨ ਹੋਣ ਦਾ ਕੁਫ਼ਰ ਤੋਲਦਾ ਹੈ। ਦੂਜੇ ਪਾਸੇ ਇਹ ਫਰੇਬੀ ਬਾਬਾ ਝੂਠੇ ਸਪੱਸ਼ਟੀਕਰਣ ਜਾਰੀ ਕਰ ਰਿਹਾ ਹੈ ਕਿ ਮੈਂ ਤਾਂ ਸਧਾਰਨ ਸਨੁਖ ਹਾਂ, ਹੋਰ ਕੁਝ ਨਹੀਂ।

ਇਸ ਤਰ੍ਹਾਂ ਦੇ ਝੂਠੇ, ਪਖੰਡੀ, ਮਾਇਆਧਾਰੀ, ਹੰਕਾਰੀ, ਸ਼ਰਾਬੀ ਕਬਾਬੀ ਅਤੇ ਦੁਨੀਆ ਭਰ ਦੇ ਪੈਗ਼ੰਬਰਾਂ ਦੇ ਨਿੰਦਕ ਨੂੰ ਵਿਸ਼ਵ-ਭਾਈਚਾਰੇ ਦਾ ਸੁਧਾਰਕ ਕਹਿਣਾ ਕਿਥੋਂ ਕੁ ਤਕ ਠੀਕ ਹੈ? ਇਹ ਗੁਪਤਾ ਸਾਹਿਬ ਆਪ ਹੀ ਸੋਚ ਕੇ ਦਸਣ।

ਦੂਜੀ ਵਾਰੀ ਮੇਅਰ ਸਾਹਿਬ ਦੀ ਸਿਖ-ਦੁਸ਼ਮਣੀ ਅਤੇ ਉਸ ਦੇ ਜਨ-ਸੰਘੀ ਹੋਣ ਦੇ ਕਟੜਪੁਣੇ ਦਾ ਓਦੋਂ ਪਾਜ ਉਘੜਿਆ ਜਦੋਂ ਦਿਲੀ ਕਾਰਪੋਰੇਸ਼ਨ ਦੀ ਮੀਟਿੰਗ ਵਿਚ ੫ ਨਵੰਬਰ ਨੂੰ ਵਰਤੇ ਖੂਨੀ ਕਾਂਡ ਵਿਚ, ਦਿਲੀ ਦੇ ਮਹਾਨ ਨੇਤਾ ਜਥੇਦਾਰ ਅਵਤਾਰ ਸਿੰਘ ਜੀ ਕੋਹਲੀ ਦੀ ਸ਼ਹੀਦੀ ਨਮਿਤ ਉਸ ਦੀ ਯਾਦ ਵਿਚ ਜੁੜਨ ਲਈ ਇਕ ਛਿਨ ਲਈ ਮੀਟਿੰਗ ਬੰਦ ਕਰਨ ਲਈ ਕਿਹਾ ਗਿਆ ਤਾਂ ਗੁਪਤਾ ਸਾਹਿਬ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿਤਾ। ਪਰ ਕਾਰਪੋਰੇਸ਼ਨ ਦੇ ਪਤਵੰਤੇ ਸਜਣ, ਕਾਂਗਰਸ (ਆਈ) ਦੇ ਮੈਂਬਰ ਅਤੇ ਕਈ ਜਨਤਾ ਦੇ ਬੰਦੇ ਵੀ ਰੋਸ ਵਲੋਂ ਵਾਕ-ਆਊਟ ਕਰ ਗਏ।

ਜਨਸੰਘੀ ਰਾਜਿੰਦਰ ਕੁਮਾਰ ਗੁਪਤਾ ਦਿਲੀ ਦੇ ਮੇਅਰ ਦੇ ਇਸ ਪਖ-ਪਾਤੀ ਰਵੱਈਏ ਕਾਰਨ ਅਤੇ ਉਸ ਦਾ ਖੁਲ੍ਹੇ ਡੁਲ੍ਹੇ ਨਕਲੀ ਨਿਰੰਕਾਰੀਆਂ ਦਾ ਹਿਮਾਇਤੀ ਹੋਣ ਕਾਰਨ ਦਿਲੀ ਦੇ ਸਿੰਘ ਉਸ ਦੇ ਸਖ਼ਤ ਬਰ-ਖਿਲਾਫ਼ ਹੋ ਗਏ ਹਨ ਅਤੇ ਜਿਸ ਸਮਾਗਸ ਵਿਚ ਵੀ ਉਹ ਜਾਂਦਾ ਹੈ, ਸਿੰਘ ਉਸ ਦਾ ਬਾਈਕਾਟ ਕਰਦੇ ਹਨ।

ਰੋਜ਼ਾਨਾ 'ਅਜੀਤ' ਲਿਖਦਾ ਹੈ—

''ਪਿਛਲੇ ਦਿਨੀਂ ਸ: ਰਾਮ ਸਿੰਘ ਮੈਂਬਰ ਦਿਲੀ ਕਾਰਪੋਰੇਸ਼ਨ ਦੇ ਲੜਕੇ ਸਤਪਾਲ ਸਿੰਘ ਦੇ ਵਿਆਹ ਦੀ ਖੁਸ਼ੀ ਵਿਚ ਤਿਲਕ ਨਗਰ ਵਿਚ ਪਾਰਟੀ ਸ਼ੀ, ਜਿਥੇ ਸਵਰਗੀ ਮਾਸਟਰ ਤਾਰਾ ਸਿੰਘ ਜੀ ਦੀ ਪੁਤਰੀ ਡਾ: ਰਾਜਿੰਦਰ ਕੌਰ ਵੀ ਪੁਜੀ ਹੋਈ ਸੀ। ਜਦੋਂ ਦਿਲੀ ਦਾ ਮੇਅਰ ਰਾਜਿੰਦਰ ਕੁਮਾਰ ਗੁਪਤਾ ਉਥ ਪੁਜਾ ਤਾਂ ਡਾ: ਰਾਜਿੰਦਰ ਕੌਰ ਨੇ ਸਖ਼ਤ ਇਤਰਾਜ਼ ਕੀਤਾ ਅਤੇ ਰੋਸ ਵਜੋਂ ਸਮਾਗਮ ਚੋਂ ਉਠ ਕੇ ਚਲੀ ਗਈ।''

ਸੋ ਇਨ੍ਹਾਂ ਜਨਸੰਘੀ ਲੀਡਰਾਂ ਤੋਂ ਕਦੇ ਵੀ ਭਲਿਆਈ ਜਾਂ ਸਚਿਆਈ ਦੀ ਆਸ ਨਹੀਂ ਰਖਣੀ ਚਾਹੀਦੀ। ਜਿਥੇ ਵੀ ਇਨ੍ਹਾਂ ਦਾ ਵਸ ਚਲਦਾ ਹੈ ਉਥੇ ਹੀ ਇਨ੍ਹਾਂ ਆਪਣੀ ਸਿਖ-ਦੁਸ਼ਮਣੀ ਦਾ ਪ੍ਰਗਟਾਵਾ ਕਰਨਾ ਹੈ ਅਤੇ ਦਸਣਾ ਨੂੰ ਕਿ ਸਾਡਾ ਨਿਸ਼ਾਨਾ ਹਿੰਦੂ, ਹਿੰਦੀ ਅਤੇ ਹਿੰਦੁਸਤਾਨ'' ਹੀ ਹੈ।

ਹਫ਼ਤਾਵਾਰੀ ਸਪੋਕਸਮੈਨ ਦਿਲੀ ਲਿਖਦਾ ਹੈ —

A tiger may change his spots but not an RSS man.

ਇਕ ਚਿਤਰਾ ਆਪਣੇ ਸਰੀਰ ਤੇ (ਕੁਦਰਤੀ ਬਣੇ) ਧਬੇ ਨਿਸ਼ਾਨ ਭਾਵੇਂ ਮਿਟਾ ਦੇਵੇ, ਪਰ ਰਾਸ਼ਟਰੀਆ ਸੇਇਮ ਸੰਘ ਦਾ ਮੈਂਬਰ ਨਹੀਂ ਬਦਲ ਸਕਦਾ।

www.AKJ.Org

# ਸ਼ਹੀਦੀ ਫ਼ੰਡ–ਹਿਸਾਬ ਕਿਤਾਬ ਦਾ ਚਿੱਠਾ

'ਸੂਰਾ' ਨਵੰਬਰ ਵਿਚ ਦਿਤੇ ਹਿਸਾਬ ਤੋਂ ਅਗੇ ਹੇਠ ਲਿਖੇ ਅਨੁਸਾਰ ਹਿਸਾਬ ਹੈ–

## ਆਮਦਨ

| | |
|---|---|
| ਸ: ਦਲਜੀਤ ਸਿੰਘ ਦਿਉਲ ਚਿਕਾਗੋ U.S.A. | ੧੫੧–੫੮ |
| Sadar S. Ahuja ,, ,, | ੯੪–੭੩ |
| ਸੰਗਤ ਤਲਵਾੜਾ ਟਾਊਨਸ਼ਿਪ | ੫੧-੦ |
| ਅਖੰਡ ਕੀਰਤਨੀ ਜਥਾ ਹੁਸ਼ਿਆਰਪੁਰ | ੨੦੧-੦ |
| ਸ: ਕੇਸਰ ਸਿੰਘ ਜੀ ਕਾਨਪੁਰ | ੩੧-੦ |
| ਸ: ਮਨਮੋਹਨ ਸਿੰਘ ਜੀ ,, | ੫੧–੦ |
| ਸ: ਸੁੰਦਰ ਸਿੰਘ ਜੀ ,, | ੧੦੧-੦ |
| ਸ: ਰਾਮ ਸਿੰਘ ਜੀ ,, | ੧੦੧-੦ |
| ਗੁਪਤ ਸੇਵਾ, ਅੰਮ੍ਰਿਤਸਰ | ੧੦੦-੦ |
| ਸੂਬੇਦਾਰ ਕਰਨੈਲ ਸਿੰਘ ਜੀ 56 APO | ੫੧-੦ |
| ਗਿ: ਗੋਪਾਲ ਸਿੰਘ ਜੀ ਮਾਲਬ ਚਾਰੇ ਵੀਰ ਮਾਤਾ ਜੀ ਨਮਿਤ | ੨੫-੦ |
| ਸ: ਰਘਬੀਰ ਸਿੰਘ ਰੰਧਾਵਾ, ਨਵੀਂ ਦਿਲੀ | ੧੦੧-੦ |
| ਸ: ਰਾਮ ਸਿੰਘ ਜੀ ਖੇਤਰੀ ਨਗਰ | ੧੦੦-੦ |
| ਸ: ਲਛਮਣ ਸਿੰਘ ਜੀ ਖਾਨਪੁਰ ਸਹੋਤਾ | ੧੦੦-੦ |
| ਡਾ: ਅਵਤਾਰ ਸਿਂਘ ਜੀ ਪਟਨਾ | ੭੫-੦ |
| ਡਾ: ਬਲਦੇਵ ਸਿੰਘ ਜੀ ਅੰਮ੍ਰਿਤਸਰ ਤੇ ਸਪੁਤਰ | ੧੧੧-੦ |
| ਭਾ: ਅਮਰੀਕ ਸਿੰਘ ਜੀ ਲੁਧਿਆਣਾ | ੧੦੦-੦ |
| ਸੂਰਾ ਚਿੱਟ ਨੰਬਰ ੩੦੭੦ | ੫੦-੦ |
| ਬੀਬੀ ਸਤਵਿੰਦਰ ਕੌਰ ਜੀ, ਜਲੰਧਰ | ੫੦-੦ |
| ਸ: ਗੁਰਬਚਨ ਸਿੰਘ ਜੀ ਜਲੰਧਰ | ੧੦੦-੦ |
| ਸ: ਜਗਦੀਸ਼ ਸਿੰਘ ਜੀ ਭਲਾਈ | ੩੧-੦ |
| ਗੁਪਤ ਸੇਵਾ, ਘਲ ਕਲਾਂ (ਮੋਗਾ) | ੧੦੦-੦ |
| ਭਾ: ਹਰਭਜਨ ਸਿੰਘ ਜੀ ਫਤੇਵਾਲ | ੪੧-੦ |
| ਸ: ਬਲਵੰਤ ਸਿੰਘ ਜੀ ਵੈਰੋਕੇ (ਫਰੀਦਕੋਟ) | ੧੦੦–੦ |
| ਸ: ਭਗਤ ਸਿੰਘ ਜੀ ਖਾਲਸਾ ਹੁਸ਼ਿਆਰਪੁਰ | ੨੫-੦ |
| ਸ: ਹਰਪਾਲ ਸਿੰਘ ਜੀ ਕਾਲਾਕੋਟ ਜੰਮੂ | ੫੧-੦ |
| ਸੰਗਤ ਏਅਰ ਫੋਰਸ ਬਰੇਲੀ | ੧੨੧-੦ |
| ਗੁਰਸਿਖ ਸੰਗਤ ਬਰੇਲੀ | ੧੦੧-੦ |
| ਸ: ਸੰਤੋਖ ਸਿੰਘ ਮੇਰਠ ਛਾ: | ੫੧-੦ |
| ਅਖੰਡ ਕੀਰਤਨੀ ਜਥਾ ਭੁਪਾਲ | ੧੨੫-੦ |
| ਮਾਨ ਯੋਗ ਮਾਤਾ ਜੀ | ੩੦੦-੦ |
| ਸ: ਤੀਰਥ ਸਿੰਘ ਜੀ ਦਿਲੀ | ੧੦੦-੦ |
| ਸਾਧ ਸੰਗਤ ਮੋਹਦੀਪੁਰ ਗੋਰਖਪੁਰ | ੨੦੧-੦ |
| ਸ: ਨਿਰੰਜਨ ਸਿੰਘ ਜੀ, ਜੈਪੁਰ | ੧੦੦-੦ |
| ਅਖੰਡ ਕੀਰਤਨੀ ਜਥਾ ਯੂ.ਕੇ.(੨੦੦ ਪੌਂਡ) | ੩੨੩੮੦-੮੦ |
| ਸਿੰਘ ਸਭਾ ਜਰਸੀ ਯੂ.ਐਸ.ਏ. ਰਾਹੀਂ– | |
| ਸ: ਗਰਮੀਤ ਸਿੰਘ ਜੀ ਜਰਸੀ | ੧੬੬-੧੧ |
| ਸ: ਹਰਜੀਤ ਸਿੰਘ ਜੀ ,, | ੧੯੭-੭੫ |
| ਸ: ਰਨਵੀਰ ਸਿੰਘ ਜੀ Pequannack | ੪੦੩-੪੧ |
| ਸ: ਸੋਹਨ ਸਿੰਘ ਕਲੋਟੀਆ Paramus | ੪੦੩-੪੧ |
| ਸ:ਹਰਦੀਪ ਸਿੰਘ ਆਹਲੂਵਾਲੀਆ Ocean | ੭੯੮-੯੧ |
| S. R. R. P. Singh, Neshanic | ੭੯੮-੯੧ |
| ਮੈਂਬਰਾਨ ਸ੍ਰੀ ਗੁਰੂ ਸਿੰਘ ਸਭਾ ਜਰਸੀ | ੧੧੮੬-੫੦ |
| ਸ: ਅਵਤਾਰ ਸਿੰਘ ਜੀ paramus | ੩੯੫੫-੫੦ |
| ਸ: ਅਮਰਜੀਤ ਸਿੰਘ ਗਰੇਵਾਲ, ਵੈਸਟਵੁਡ | ੩੯੫੫-੫੦ |
| ਸ: ਅਵਤਾਰ ਸਿੰਘ ਗੁਜਰਾਲ, ਚੰਡੀਗੜ੍ਹ | ੧੦੧–੦ |
| ਸੰਗਤ ਗੁਰਦੁਆਰਾ ਰੌਰੀਆ ਜੋਰਹਾਟ | ੧੬੦–੦ |
| ਐਚ. ਐਸ. ਗਿਲ ਸੂਦਮਡੀਹ ਧਨਬਾਦ | ੫੦-੦ |
| ਬੀ: ਸੁਖਵਿੰਦਰ ਕੌਰ ਜੀ, ਕਾਲਾਕੋਟ ਜੰਮੂ | ੨੫-੦ |
| ਸ: ਸਜਿੰਦਰ ਸਿੰਘ ਵਿਜ਼ੀਲੈਂਸ ਡੀਪਾ: ਕਲਕਤਾ | ੫੧–੦ |
| ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਯੂ. ਕੇ. | ੧੫੦੨–੪੦ |
| ਭਾਈ ਦੁਲਾਹ ਸਿੰਘ ਐਂਡ ਸਨਜ਼ ਦਤੀਆ | ੨੫–੦ |
| ਅਖੰਡ ਕੀਰਤਨੀ ਜਥਾ ਜੈਪੁਰ | ੧੫੯–੦ |
| ਪੰਜੀ ਤੋਂ ਘਟ ਵਾਲੀਆਂ ੭ ਰਕਮਾਂ | ੧੦੦–੦ |
| ਜੋੜ | ੪੯੬੧੨-੫੧ |
| ਪਿਛਲੀ ਬਾਕੀ | ੩੦੦੦੮-੬੫ |
| ਕੁਲ ਜੋੜ | ੭੯੬੨੧-੧੬ |

## ਖ਼ਰਚ

| | |
|---|---|
| ਅਕਾਲੀ ਪਤਰਕਾ ਤੇ ਅਜੀਤ ਅਕਤੂਬਰ | ੨੩-੦ |
| ਭਾਈ ਅਮੋਲਕ ਸਿੰਘ ਜੀ ਅੰਮ੍ਰਿਤਸਰ ਜ਼ਖਮੀ | ੫੦੦-੦ |
| ਟੈਲੀਫੂਨ ਕਾਨਪੁਰ ਆਦਿ | ੪੪-੦ |
| ਡਾਕ ਖਰਚ | ੨੧-੯੦ |
| ਸਿੰਘਣੀ ਸ਼ਹੀਦ ਭਾ: ਅਵਤਾਰ ਸਿੰਘ ਜੀ | ੫੦੦੦- |
| ,, ,, ਭਾ: ਰਘਬੀਰ ਸਿੰਘ ਜੀ | ੫੦੦੦- |
| ,, ,, ਜਥੇਦਾਰ ਰਣਬੀਰ ਸਿੰਘ ਜੀ | ੫੦੦੦- |
| ,, ,, ਭਾ: ਹਰਭਜਨ ਸਿੰਘ ਜੀ | ੫੦੦੦- |
| ਮਾਤਾ ,, ਭਾ: ਕੇਵਲ ਸਿੰਘ ਜੀ | ੫੦੦੦- |
| ,, ,, ਭਾਈ ਪਿਆਰਾ ਸਿੰਘ ਜੀ | ੫੦੦੦- |
| ,, ,, ਭਾ: ਗੁਰਚਰਨ ਸਿੰਘ ਜੀ | ੫੦੦੦- |
| ਪਿਤਾ ,, ਭਾ: ਅਮਰੀਕ ਸਿੰਘ ਜੀ | ੪੫੦੦- |
| ਸਿੰਘਣੀ ,, ਗੁਰਦਿਆਲ ਸਿੰਘ ਜੀ | ੪੫੦੦- |
| ,, ,, ਭਾਈ ਫੌਜਾ ਸਿੰਘ ਜੀ (ਚੈਕ) | ੫੦੦੦- |
| ,, ,, ਭਾਈ ਹਰੀ ਸਿੰਘ ਜੀ (ਚੈਕ) | ੫੦੦੦- |
| ਪਿਤਾ ,, ਭਾਈ ਧਰਮਬੀਰ ਸਿੰਘ ਜੀ ,, | ੫੦੦੦- |
| ਭਾਈ ਰਾਜਿੰਦਰ ਸਿੰਘ ਜੀ ਸਰਸਪੁਰਾ(ਜ਼ਖਮੀ) | ੧੦੦੦- |
| ਭਾਈ ਬਚਿਤਰ ਸਿੰਘ ਜੀ ਠੱਠੀ ਖਾਰਾ ,, | ੧੦੦੦- |

**ਸੋਧ ਜੀ–ਸਫਾ ੩੮ ਤੇ ਸ਼ਹੀਦ ਦਾ ਨਾਂ ਮਹਿੰਦਰ ਸਿੰਘ ਦੀ ਥਾਂ ਮਨਿੰਦਰ ਸਿੰਘ ਹੈ।**



www.AKJ.Org

| | |
|---|---|
| ਭਾਈ ਇਕਬਾਲ ਸਿੰਘ ਜੀ ਕੁਰਾਲਾ (ਜ਼ਖ਼ਮੀ) | ੧੦੦੦- |
| ਗਿ: ਹਜ਼ਾਰਾ ਸਿੰਘ ਜੀ ਗੁਰਦਾਸਪੁਰ ,, | ੧੦੦੦- |
| ਭਾਈ ਨਿਕਾ ਸਿੰਘ ਜੀ ਧੀਰੇ ਮਾਜਰਾ ,, | ੧੦੦੦- |
| ਭਾ: ਗੁਰਬਚਨ ਸਿੰਘ ਜੀ ਨੁਸ਼ਹਿਰਾ ਪਨੂੰਆਂ ,, | ੧੦੦੦- |
| ਭਾਈ ਮੋਹਰ ਸਿੰਘ ਜੀ ਸੂਰੋਂ ਪਡਾ ,, | ੧੦੦੦- |
| ਭ: ਨਿਰਮਲ ਸਿੰਘ ਜੀ ਮਿਆਣੀ ਭਗੂਪੁਰੀਆਂ ,, | ੧੦੦੦- |
| ਭਾਈ ਗੁਰਦੀਪ ਸਿੰਘ ਜੀ ਚਕਰ (ਜ਼ਖਮੀ) | ੧੦੦੦- |
| ਭਾਈ ਗੁਪਾਲ ਸਿੰਘ ਜੀ, ਮਹਿਤਾ ,, | ੧੦੦੦- |
| ਭਾਈ ਮੰਗਲ ਸਿੰਘ ਜੀ, ਮੌਦੇ ,, | ੧੦੦੦- |
| ਭਾਈ ਪਰਗਟ ਸਿੰਘ ਜੀ, ਧੰਗਾਣਾ ,, | ੧੦੦੦- |
| ਭਾਈ ਕੁਲਦੀਪ ਸਿੰਘ ਜੀ, ਮੁੱਛਲ ,, | ੧੦੦੦- |
| ਭਾਈ ਕਰਨੈਲ ਸਿੰਘ ਜੀ ਤਲਵੰਡੀ ਕੂਕਾ ,, | ੧੦੦੦- |
| ਗਿ: ਭਗਵਾਨ ਸਿੰਘ ਜੀ, ਅੰਮ੍ਰਿਤਸਰ ,,(ਚੈਕ) | ੧੦੦੦- |
| ਭਾਈ ਕਸ਼ਮੀਰਾ ਸਿੰਘ ਜੀ ,, ,,(ਚੈਕ) | ੧੦੦੦- |
| ਭਾਈ ਅਮੋਲਕ ਸਿੰਘ ਜੀ ,, ,,(ਚੈਕ) | ੧੦੦੦- |
| ਰਜਿਸਟ੍ਰੀਆਂ ਤੇ ਬੀਮੇ ਭੇਜਣ ਦਾ ਖਰਚਾ | ੧੪੯-੫੦ |
| | ੭੬੭੩੮-੪੫ |

## ਜੋ ਰਕਮਾਂ ਅਜੇ ਕੈਸ਼ ਨਹੀਂ ਹੋਈਆਂ

| | |
|---|---|
| ਅਖੰਡ ਕੀਰਤਨੀ ਜਥਾ ਯੂ ਕੇ, ਰਜਿ: | ੧੪੦੦ ਪੌਂਡ |
| ਸਿਖ ਮਿਸ਼ਨਰੀ ਸੁਸਾਇਟੀ ਯੂ. ਕੇ. ਰਜਿ: | ੧੦ ਪੌਂਡ |
| ਸ: ਗੁਰਬਖਸ਼ ਸਿੰਘ ਸਿਵੀਆ ਗ੍ਰੇਵਜ਼ੈਂਡ | ਸਾਢੇ ੬ ਪੌਂਡ |
| ਸ: ਮਹਿੰਦਰ ਸਿੰਘ ਸੱਗੂ ਐਡਮਿੰਟਨ ਕੈਨੇਡਾ | ੩੦ ਡਾਲਰ |
| ਸ: ਭੂਪਿੰਦਰ ਸਿੰਘ ਜੀ ਦਿਲੀ-੫੨ ਦਾ ਚੈਕ | ੧੦੦ ਰੁਪਏ |
| ਅਖੰਡ ਕੀਰਤਨੀ ਜਥਾ ਜੈਪੁਰ | ੭੦੧ ਰੁਪਏ |
| ਇੰਡੀਅਨ ਪੋਸਟਲ ਆਰਡਰ | ੨੫ ਰੁਪਏ |

ਜਮ੍ਹਾ ਰਕਮਾਂ ੭੯੬੨੧-੧੬
ਖਰਚ ੭੬੭੩੮-੪੫

ਬਾਕੀ ੨੮੮੨-੭੧

੨੭. ੧੧. ੭੮ ਦਾਸਰਾ—ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਅੰਮ੍ਰਿਤਸਰ

# ਦਿਲੀ ਖ਼ੂਨੀ ਕਾਂਡ ਦੀ ਪੜਤਾਲੀਆ ਕਮੇਟੀ

ਦਿਲੀ ਵਿਚ ਭਾਰਤ ਦੀ ਪੁਲਸ ਵਲੋਂ ਸਿੰਘਾਂ ਤੇ ਢਾਹੇ ਗਏ ਅਤਿਆਚਾਰਾਂ (ਜਿਸ ਦੇ ਸਿੱਟੇ ਵਜੋਂ ੩ ਸ਼ਹੀਦ ਅਤੇ ਦਰਜਨਾਂ ਫਟੜ ਹੋਏ) ਦੀ ਪੜਤਾਲ ਕਰਨ ਲਈ ਅਕਾਲੀ ਦਲ ਹਾਈ ਕਮਾਂਡ ਵਲੋਂ ਸ: ਹੁਕਮ ਜੀ ਦੀ ਪੰਜ ਮੈਂਬਰੀ ਪੜਤਾਲੀਆ ਕਮੇਟੀ ਨੀਯਤ ਕੀਤੀ ਗਈ ਹੈ, ਜਿਨ੍ਹਾਂ ਦੇ ਨਾਂ ਇਹ ਹਨ —

੧. ਸ: ਹੁਕਮ ਸਿੰਘ ਜੀ ਐਕਸ ਸਪੀਕਰ ਪਾਰਲੀਮੈਂਟ,
੨. ਲੈਫ਼ਟੀਨੈਂਟ ਜਨਰਲ ਗੁਰਬਖਸ਼ ਸਿੰਘ ਜੀ (ਰੀਟਾਇਰਡ),
੩. ਸ: ਗੁਰਦਿਆਲ ਸਿੰਘ ਜੀ ਰੀਟਾਇਰਡ ਇਨਸਪੈਕਟਰ ਜਨਰਲ ਪੁਲੀਸ,
੪. ਸ: ਸਰੂਪ ਸਿੰਘ ਜੀ ਐਡਵੋਕੇਟ ਅਤੇ ਐਕਸ ਐਮ. ਐਲ. ਏ.,
੫. ਸ: ਮੋਹਰ ਸਿੰਘ ਜੀ ਚੱਢਾ ਰੀਟਾਇਰਡ ਸੈਸ਼ਨ ਜਜ ਦਿਲੀ।

ਇਹ ਕਮੇਟੀ ਮੌਕੇ ਤੇ ਹਾਜ਼ਰ ਵਿਅਕਤੀਆਂ ਦੇ ਬਿਆਨ ਅਤੇ ਵਾਕਿਆਤ ਦੇ ਸਹੀ ਤੱਥ ੩੦—੧੧—੭੮ ਤਕ ਇਕੱਠੇ ਕਰ ਕੇ ਆਪਣੀ ਰੀਪੋਰਟ ਪ੍ਰਕਾਸ਼ਤ ਕਰ ਰਹੀ ਹੈ। ਇਸ ਰੀਪੋਰਟ ਨਾਲ ਸਿੰਘਾਂ ਤੇ ਪੁਲਸ ਵਲੋਂ ਹੋਈਆਂ ਵਧੀਕੀਆਂ ਅਤੇ ਜ਼ੁਲਮ ਦਾ ਸਹੀ ਚਿਤਰ ਸਾਹਮਣੇ ਆ ਜਾਏਗਾ ਅਤੇ ਇਹ ਵੀ ਨਿਤਰ ਕੇ ਦੁਨੀਆ ਦੇ ਸਾਹਮਣੇ ਆ ਜਾਏਗਾ ਕਿ ਕਿਸ ਤਰ੍ਹਾਂ ਭਾਰਤ ਸਰਕਾਰ ਨੇ ਆਪਣੀ ਹਠ-ਧਰਮੀ ਅਤੇ ਧਾਰਮਕ ਅਜ਼ਾਦੀ ਦੇ ਬਹਾਨੇ ਦੇ ਢੌਂਗ ਹੇਠ ਨਿਰੰਕਾਰੀਆਂ ਦਾ ਪੱਖ ਪੂਰਿਆ ਹੈ ਅਤੇ ਗਿਣੀ ਮਿਥੀ ਸਾਜ਼ਸ਼ ਅਨੁਸਾਰ ਸਿੰਘਾਂ ਨੂੰ ਕੁਚਲਣ ਦੀ ਠਾਣੀ ਹੋਈ ਹੈ।

# "ਜੇਲ੍ਹ ਚਿੱਠੀਆਂ" ਪੁਸਤਕ ਛਪ ਗਈ

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਪਰਸਿਧ ਪੁਸਤਕ 'ਜੇਲ੍ਹ ਚਿੱਠੀਆਂ' ਛਪ ਗਈ ਹੈ। ਮੁਕੰਮਲ ਤਿੰਨੇ ਭਾਗ ਪੂਰੀ ਤਰਤੀਬ ਵਿਚ ਕਰ ਦਿਤੇ ਗਏ ਹਨ। ਵਡੇ ਅਕਾਰ ਵਿਚ ਸੁੰਦਰ ਛਪਾਈ ਤੇ ਵਧੀਆ ਜਿਲਦ ਨਾਲ ਤਿਆਰ ਹੈ। ਪੁਸਤਕ ਦੀ ਭੇਟਾ ਲਾਗਤ ਮਾਤਰ ੧੨-੫੦, ਡਾਕ ਖਰਚ ਸਮੇਤ ੧੬—੦੦ ਹੈ।

ਆਪਣੇ ਲਈ ਲੁੜੀਂਦੀ ਕਾਪੀ ਛੇਤੀ ਹੀ ਮੰਗਵਾ ਲਵੋ ਜੀ।

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਪਹਿਲੇ ਸਜਨ ਦੇ ਯੂ. ਕੇ. ਤੋਂ 650/- ਰੁਪਏ ਅਤੇ ਬਾਕੀਆਂ ਦੇ ਸੌ ਸੌ ਰੁਪਏ ਪੁਜੇ ਹਨ, ਸਭ ਦੀਆਂ ਐਫ ਡੀਆਂ ਦੇ ਨੰਬਰ ਹੇਠ ਲਿਖੇ ਅਨੁਸਾਰ ਹਨ ।

| | | | |
|---|---|---|---|
| 439. ਭਾ: ਜਸਵੰਤ ਸਿੰਘ ਭੱਟੀ ਯੂ. ਕੇ. | (ਚਿਟ ਨੰ: | 2106)805301/1250/78 | ਮਿਤੀ 21. 11. 78 |
| 440. ਸ: ਹਰਭਜਨ ਸਿੰਘ ਫੂਸ ਬੰਗਲਾ | ( ,, | 3440)805302!1251/78 | ,, |
| 441. ਗਿਆਨੀ ਕਿਰਪਾਲ ਸਿੰਘ ਹਲਦਵਾਨੀ | ( ,, | 3441)805303/1252/78 | ,, |
| 442. ਸ: ਗੁਰਬਚਨ ਸਿੰਘ ਨਵੀਂ ਦਿੱਲੀ | ( ,, | 3442)805304/1253/78 | ,, |
| 443. ਸ: ਤ੍ਰਿਲੋਚਨ ਸਿੰਘ ਸੋਨੀਪਤ | ( ,, | 3443)805305/1254/78 | ,, |
| 445. ਸ: ਬਲਬੀਰ ਸਿੰਘ S/o H. S ਸੰਗਰ | ( ,, | 3444)805306/1255/78 | ,, |
| 445. ਸ: ਪ੍ਰਭਕੀਰਤਨ ਸਿੰਘ S/o ਸ: ਗੁਰਬਚਨ ਸਿੰਘ | ( ,, | 3445)805307/1256/78 | ,, |
| 446. ਸ. ਹਰਬੰਸ ਸਿੰਘ ਲੁਧਿਆਣਾ | ( ,, | 3446)805308/1257/78 | ,, |
| 447. ਸ: ਪਰਮਜੀਤ ਸਿੰਘ ਦੂਆ | ( ,, | 3447)805309/2258/78 | ,, |
| 448. ਸ: ਦਰਸ਼ਨ ਸਿੰਘ ਤਲਵਾੜ | ( ,, | 3448)805310/1259/78 | ,, |
| 449. ਬੀਬੀ ਗੁਰਦੀਪ ਕੌਰ ਜਲੰਧਰ | ( ,, | 3449)805311/1260/78 | ,, |
| 450. ਸ: ਪਿਆਰਾ ਸਿੰਘ ਬਟਾਲਾ | ( ,, | 3450)805312/1261/78 | ,, |
| 451. ਸ: ਮੰਗਲ ਸਿੰਘ ਢੁਡੀਆਂਵਾਲਾ | ( ,, | 3451)805313/1262/78 | ,, |
| 452. ਕੰਦਨਵਾਨੀ ਬਿਸਕੁਟ ਫੈਕਟਰੀ | ( ,, | 3452)805314/1263/78 | ,, |
| 453. ਸ: ਮਨੋਹਰ ਸਿੰਘ ਹੋਰਾ ਐਡਵੋਕੇਟ | ( ,, | 3453)805315/1264/78 | ,, |
| 454. ਸ: ਸੁਖਦੇਵ ਸਿੰਘ ਫਰੀਦਾਬਾਦ | ( ,, | 3451)805316/1265/78 | ,, |
| 455. ਡਾ: ਰਾਜਿੰਦਰ ਸਿੰਘ ਬਰੇਲੀ | ( ,, | 3455)805317/1266/78 | ,, |
| 456. ਸ: ਸੁਰਜੀਤ ਸਿੰਘ ਪਾਲੜੀ ਜੌਹੜ | ( ,, | 3456)805318/1267/78 | ,, |
| 457. Comd. ਇਕਬਾਲ ਸਿੰਘ ਕੋਛੜ | ( ,, | 3457)805319/1268!78 | ,, |

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਸ: ਸਤਵੰਤ ਸਿੰਘ ਮਲਹਾਰੀ ਝਾਂਸੀ ਦਾਦੀ ਜੀ ਦੇ ਅੰਤਮ ਭੋਗ ਸਮੇਂ | 11-00 |
| ਸ: ਅਰਜਨ ਸਿੰਘ X.E.N. (ਰੀਟ) ਚੰਡੀਗੜ੍ਹ, ਭੁਜੰਗੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 10-00 |
| ਭਾ: ਮਸਤਾ ਸਿੰਘ ਜੀ, ਡਰਬੀ ਯੂ. ਕੇ. | 154-00 |
| ਬੀਬੀ ਕਰਤਾਰ ਕੌਰ ਜੀ ਅੰਮ੍ਰਿਤਸਰ ਪਿਆਰੇ ਪਤੀ ਸ: ਅਛਰ ਸਿੰਘ ਦੀ ਯਾਦ ਵਿਚ ਭੋਗ ਸਮੇਂ | 21-00 |
| ਸ: ਬਿਕਰਮ ਸਿੰਘ ਚੱਗਰ-ਡਡਲੀ ਯੂ. ਕੇ. | 79-40 |
| ਸਾਧ ਸੰਗਤ ਡਡਲੀ ਯੂ. ਕੇ. | 205-80 |
| ਸ: ਜੋਗਿੰਦਰ ਸਿੰਘ ਜੀ ਲਖਨਊ ਪਿਤਾ ਜੀ ਦੀ ਸਾਲਾਨਾ ਯਾਦ ਦੇ ਭੋਗ ਸਮੇਂ | 10-00 |
| ਗਿ: ਬਚਿੰਤ ਸਿੰਘ ਜੀ ਮਨੌਲੀ ਬੱਚੀ ਚਰਨਜੀਤ ਕੌਰ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 11-00 |

www.AKJ.Org

# ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸ਼ਵ ਦਾ
# ਕੇਂਦਰੀ ਸਾਲਾਨਾ ਸਮਾਗਮ ਲੁਧਿਆਣਾ ਵਿਖੇ

## ੨ ਜਨਵਰੀ ਮੰਗਲਵਾਰ ਸਵੇਰ ਤੋਂ ੫ ਜਨਵਰੀ ੧੯੭੯ ਸ਼ੁਕਰਵਾਰ ਸਵੇਰ ਤਕ

ਭਾਰਤ ਭਰ ਦੇ ਅਖੰਡ ਕੀਰਤਨੀ ਜੱਥਿਆ ਵਲੋਂ ਦਸਮੇਸ਼ ਪਿਤਾ ਜੀ ਦਾ ਅਵਤਾਰ ਦਿਵਸ ਸਦਾ ਵਾਂਗ ਮਾਡਲ ਟਾਊਨ ਲੁਧਿਆਣਾ ਵਿਖੇ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸ੍ਰੀ ਅਖੰਡ ਪਾਠ ਅਤੇ ਅਖੰਡ ਕੀਰਤਨੀ ਅਖਾੜਿਆਂ ਦੇ ਰੰਗ ਮਾਨਣ ਲਈ ਪਰਵਾਰਾਂ ਸਮੇਤ ਹੁਮ ਹੁਮਾ ਕੇ ਪੁਜੋ ਜੀ ਅਤੇ ਕਲਗੀਧਰ ਪ ਤਸਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਪ੍ਰੋਗਰਾਮ

੨-੧-੭੯ ਸਵੇਰੇ ੫-੩੦ ਤੋਂ ੮-੦੦ ਕੀਰਤਨ ਆਸਾ ਦੀ ਵਾਰ, ਉਪਰੰਤ ਸ੍ਰੀ ਅਖੰਡ ਪਾਠ
ਸ਼ਾਮ ੬-੦੦ ਤੋਂ ੯-੦੦ ਅਖੰਡ ਕੀਰਤਨ
੩-੧-੭੯ ਸਵੇਰੇ ੬-੦੦ ਤੋਂ ੧੨-੦੦ ਕੀਰਤਨ ਆਸਾ ਦੀ ਵਾਰ ਸਾਮ ੬-੦੦ ਤੋਂ ੯-੦੦ ਅਖੰਡ ਕੀਰਤਨ
੪-੧-੭੯ ਸਵੇਰੇ ੬-੦੦ ਤੋਂ ੮-੩੦ ਭੋਗ ਸ੍ਰੀ ਅਖੰਡਪਾਠ. ਉਪਰੰਤ ਦੁਪਹਿਰ ਤਕ ਅਖੰਡ ਕੀਰਤਨ
ਦੁਪਹਿਰ ਪਿਛੋਂ ਅੰਮ੍ਰਿਤ ਸਿੰਚਾਰ ਸਮਾਗਮ
ਸ਼ਾਮ ੭-੩੦ ਅਰੰਭ ਰੈਣ ਸਬਾਈ ਕੀਰਤਨ, ੫ ਜਨਵਰੀ ਸੁਕਰਵਾਰ ਸਵੇਰੇ ੭-੩੦ ਸਮਾਪਤੀ।

ਨੋਟ-੧. ਸ਼ਵਾਗਤੀ ਦਫ਼ਤਰ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੋਵੇਗਾ। ੨. ਬਿਸਤਰੇ ਜ਼ਰੂਰ ਲਿਆਉਣੇ ਜੀ।

ਪੁਛਗਿਛ-੧. ਡਾ: ਦਰਸ਼ਨ ਸਿੰਘ, ੮/੯-ਖੇਤੀ ਯੂਨੀਵਰਸਿਟੀ. ਲੁਧਿਆਣਾ।
੨. ਬਲਬੀਰ ਸਿੰਘ, ੧੨੬-ਆਰ ਮਾਡਲ ਟਾਊਨ, ਲੁਧਿਆਣਾ।

ਦਰਸ਼ਨ ਅਭਿਲਾਖੀ
ਅਖੰਡ ਕੀਰਤਨੀ ਜਥਾ ਲੁਧਿਆਣਾ

---

## ਅਖੰਡ ਕੀਰਤਨੀ ਜਥਾ (ਚਲਦਾ ਵਹੀਰ) ਵਲੋਂ ਪਿੰਡਾਂ ਵਿਚ
# ਗੁਰਮਤਿ ਪ੍ਰਚਾਰ ਅਤੇ ਅੰਮ੍ਰਿਤ ਸਿੰਚਾਰ

ਸ਼ਹੀਦ ਭਾਈ ਸਾਹਿਬ ਫ਼ੌਜਾ ਸਿੰਘ ਜੀ ਦੇ ਚਲਾਏ ਹੋਏ ਚਲਦੇ ਵਹੀਰ ਵਲੋਂ ਅਖੰਡ ਕੀਰਤਨ ਅਤੇ ਅੰਮ੍ਰਿਤ-ਸਿੰਚਾਰ ਦੇ ਪ੍ਰੋਗਰਾਮ ਪਿੰਡਾਂ ਵਿਖੇ ਹੇਠ ਲਿਖੇ ਅਨੁਸਾਰ ਹੋ ਰਹੇ ਹਨ :-

**ਦਸੰਬਰ** ੧-ਖ਼ਾਲਸਾ ਫ਼ਾਰਮ (ਰਾਵੀ ਪਾਰ ਭਰਿਆਲ ਦੇ ਨੇੜੇ), ੨-ਰੈਣ ਸਬਾਈ ਅੰਮ੍ਰਿਤਸਰ ਗੁ: ਰਾਮਸਰ ਦੇ ਸਾਹਮਣੇ ਸ਼ਹੀਦ ਸਿੰਘਾਂ ਦੇ ਅਸਥਾਨ ਤੇ, ੪-ਭੰਗਾਲੀ ਕਲਾਂ (ਅੰਮ੍ਰਿਤਸਰ), ੫-ਬੱਚੀਵਿੰਡ (ਅੰਮ੍ਰਿਤਸਰ), ੬-ਮੋਦੇ (ਅੰਮ੍ਰਿਤਸਰ), ੭-ਰਈਆ ਮੰਡੀ (ਅੰਮ੍ਰਿਤਸਰ), ੮ ਤੋਂ ੧੦-ਸਹੀਦੀ ਗੁਰਪੁਰਬ ਗੁ: ਪਾ: ੬ ਪਿੰਡ ਜੀਂਦੋਵਾਲ (ਬੰਗਾ), ੧੧ ਤੋਂ ੧੫-ਹਲਕਾ ਪੱਟੀ ਦੇ ਪੰਜਾਂ ਪਿੰਡਾਂ ਵਿਚ, ੧੬-ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ ਪਾਰੋਵਾਲ (ਗੁਰਦਾਸਪੁਰ), ੧੮-ਖੈਰੇਮਾਨ ਗੁਰਦਾਸਪੁਰ, ੧੯-ਬਣੀਏ ਕੇ ਬਾਂਗਰ, ੨੦-ਮਹਿਤਾ ਸੰਧੂ ਮੈਡੀਕਲ ਸਟੋਰ, ੨੧-ਅਹਿਮਦਾਬਾਦ (ਸੂਗਰ ਮਿਲ ਲਾਗੇ), ੨੨-ਵੜੈਚ (ਭਾਈ ਭੂਆ ਸਿੰਘ), ੨੩-ਘੁਮਣ ਕਲਾਂ, ੨੫-ਬੱਬਰੀ (ਉਚੀ ਭੂੰਬਲੀ ਲਾਗੇ), ੨੬-ਤਿੱਬੜ (ਭਾਈ ਜੋਗਿੰਦਰ ਸਿੰਘ), ੨੭ ਤੋਂ ੩੦-ਅਖੰਡ ਪਾਠ ਤੇ ਅੰਮ੍ਰਿਤ ਸਿੰਚਾਰ ਖਾਲਸਾ ਫਾਰਮ (ਰਾਵੀ ਪਾਰ), ੩੧ ਲਿੱਤਰ (ਗੁਰਦਾਸਪੁਰ ਲਾਗੇ)।

ਨੋਟ—ਪਿੰਡਾ ਵਿਚ ਸ਼ਾਮ ਨੂੰ ੭ ਤੋਂ ੧੦ ਅਤੇ ਸਵੇਰੇ ੫ ਤੋਂ ੮ ਤਕ ਪ੍ਰੋਗਰਾਮ ਹੋਣਗੇ। ਜਥਾ ਸ਼ਾਮ ਤਕ ਸਬੰਧਤ ਪਿੰਡ ਪਹੁੰਚ ਜਾਇਆ ਕਰੇਗਾ। ਆਮ ਤੌਰ ਤੇ ਪ੍ਰੋਗਰਾਮ ਗੁਰਦੁਆਰਾ ਸਾਹਿਬ ਵਿਖੇ ਹੋਵੇਗਾ। ਜਥਾ ਗੁਰਦਵਾਰਿਆ ਵਿਚ ਪਈਆਂ ਬਿਰਧ ਬੀੜਾਂ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ ਪੜਤਾਲ ਕਰੇਗਾ। ਸੰਗਤਾਂ ਲੋੜ ਅਨੁਸਾਰ ਕੰਬਲ ਆਦਿ ਨਾਲ ਲਿਆਉਣ।

ਪੁਛਗਿਛ-੧. ਬੀਬੀ ਅਮਰਜੀਤ ਕੌਰ ਜੀ
੨. ਮਾ: ਜਸਵੰਤ ਸਿੰਘ ਜੀ, 542 ਈਸਟ ਮੋਹਨ ਨਗਰ, ਅੰਮ੍ਰਿਤਸਰ

ਦਾਸਰਾ ਜਥੇਦਾਰ
ਅਖੰਡ ਕੀਰਤਨੀ ਜਥਾ (ਚਲਦਾ ਵਹੀਰ)
ਅੰਮ੍ਰਿਤਸਰ।

www.AKJ.Org